# ਨੰਗੇ ਪੈਰ

ਅਮਰੀਕ ਸਿੰਘ ਪੂਨੀ

ਭਾਸ਼ਾ ਵਿਭਾਗ, ਪੰਜਾਬ

**NAGNE PAIR (Poetry in Punjabi)**

AMRIK SINGH POONI

ਨੰਗੇ ਪੈਰ (ਕਵਿਤਾ)
ਅਮਰੀਕ ਸਿੰਘ ਪੂਨੀ

© ਭਾਸ਼ਾ ਵਿਭਾਗ, ਪੰਜਾਬ

ਸਾਲ : 1989

ਗਿਣਤੀ : 10000

ਕੀਮਤ : 5 ਰੁਪਏ 30 ਪੈਸੇ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਭਾਰਤੀਯ ਇਲੈਕਟ੍ਰਿਕ ਪ੍ਰੈਸ, 4, ਸ਼ਿਵਾਜੀ ਪਾਰਕ, ਜਲੰਧਰ

ਰਾਹੀਂ : ਕੰਟਰੋਲਰ, ਪ੍ਰਿੰਟਿੰਗ ਐਂਡ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ

## ਦੋ ਸ਼ਬਦ

ਨਰੋਆ ਸਾਹਿਤ ਆਪਣੇ ਸਮੇਂ ਸਮਾਜ ਦਾ ਜਿੱਥੇ ਦਰਪਣ ਹੁੰਦਾ ਹੈ ਉਥੇ ਰਹਿਨਮਾਈ ਵੀ ਕਰਦਾ ਹੈ। ਇਸੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਦਾ ਮਿਆਰੀ ਸਾਹਿਤ ਆਮ ਪਾਠਕਾਂ ਤਕ ਵਾਜ਼ਬੀ ਕੀਮਤ ਤੇ ਮੁਹੱਈਆ ਕਰਨ ਲਈ ਵਿਭਾਗ ਵਲੋਂ ਪੇਪਰ ਬੈਕ ਸਕੀਮ ਅਧੀਨ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ। ਹਥਲੀ ਪੁਸਤਕ 'ਨੰਗੇ ਪੈਰ' ਇਸੇ ਲੜੀ ਦੀ ਇਕ ਕੜੀ ਹੈ।

ਸ੍ਰ: ਅਮਰੀਕ ਸਿੰਘ ਪੂਨੀ, ਆਈ.ਏ.ਐਸ. ਇਕ ਅਜਿਹੀ ਪ੍ਰਤਿਭਾਸ਼ੀਲ ਸ਼ਖਸੀਅਤ ਹੈ ਜੋ ਆਪਣੇ ਪ੍ਰਸ਼ਾਸ਼ਕੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਪਿਛਲੇ ਦੋ ਦਹਾਕਿਆ ਤੋਂ ਪੰਜਾਬੀ ਸਾਹਿਤ ਨਾਲ ਜੁੜੇ ਹੋਏ ਹਨ। ‘ਕੰਡਿਆਲੇ ਰਾਹ’, ‘ਨੰਗੇ ਪੈਰ' ਤੇ ‘ਪਾਣੀ ਵਿਚ ਲਕੀਰਾਂ' ਆਪ ਦੇ ਪ੍ਰਸਿੱਧ ਕਾਵਿ ਸੰਗ੍ਰਹਿ ਹਨ। ਸਮੁੱਚੀ ਮਾਨਵ ਜ਼ਿੰਦਗੀ ਨੂੰ ਨਿੱਕੇ ਵੱਡੇ ਹਾਦਸਿਆਂ ਦੀ ਲੜੀ ਮੰਨਣ ਵਾਲੇ ਪੂਨੀ ਦਾ ਸੁਹਿਰਦ ਮਨ ਤਤਕਾਲੀਨ ਵਾਤਾਵਰਣ ਤੋਂ ਕਿਵੇਂ ਅਭਿੱਜ ਰਹਿ ਸਕਦਾ ਹੈ। ਆਪ ਦੀ ਪਾਰਦਰਸ਼ੀ ਅੱਖ ਮੁਲੰਮੇ ਤੇ ਮੁਖੌਟੇ 'ਚ ਛੁਪੇ ਸੱਚ ਨੂੰ ਢੂੰਡ ਹੀ ਨਹੀਂ ਲੈਂਦੀ ਸਗੋਂ ਖੁਰ ਰਹੇ ਮਾਨਵੀ ਵਿਸ਼ਵਾਸਾਂ ਨੂੰ ਠਲ੍ਹ ਵੀ ਪਾਉਂਦੀ ਹੈ। ਜ਼ਿਹਨ 'ਚ ਸੜਦੀਆਂ ਸੋਚਾਂ ਦੇ ਅੰਗਿਆਰਾਂ ਉਤੇ ਨੰਗੇ ਪੈਰ ਤੁਰਨ ਵਾਲੇ ਕੋਮਲ ਭਾਵੀ ਪੂਨੀ ਦਾ ਮਨ ਕਵਿਤਾ ਦਾ ਨਖ਼ਲਿਸਤਾਨ ਸਿਰਜ ਲੈਂਦਾ ਹੈ ਜਿਸ ਵਿਚ ਸਰਲ ਸਹਿਜ ਰਵਾਨੀ ਭਰੀ ਸ਼ੈਲੀ ਝਰਨੇ ਵਾਂਗ ਸੀਤਲਤਾ ਵੰਡਦੀ ਮਸਤ ਵਹਿੰਦੀ ਜਾਂਦੀ ਹੈ।

ਮੈਨੂੰ ਆਸ ਹੈ ਕਿ ਪੰਜਾਬੀ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

**ਰਾਜਿੰਦਰ ਸਿੰਘ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

# ਗ਼ੈਰਤ

ਜਦੋਂ ਦੁਧੀਆ ਚਾਨਣ ਦੇ ਵਿਚ ਘੁਲੀ ਸਿਆਹੀ
ਆਪਣੇ ਆਪਣੇ ਬੂਹੇ ਢੋ ਕੇ
ਅੰਦਰ ਵੜ ਕੇ ਬੈਠ ਗਏ ਸਾਂ।

ਸਹਿਮੇਂ ਸਹਿਮੇਂ ਸਾਹਾਂ ਨੂੰ
ਸੀਨੇ ਲਾ ਵਰਾਉਂਦੇ ਸਾਂ।
ਆਪਣੇ ਪਰਛਾਵੇਂ ਤੋਂ ਡਰਦੇ
ਬੱਤੀ ਰੌਸ਼ਨ ਕਰਨੋਂ ਵੀ ਕਤਰਾਉਂਦੇ ਸਾਂ।

ਚਾਨਣ ਦੀ ਕੂਲੀ ਲਿਟ ਖਾਤਰ
ਜੂਝਣ ਵਾਲੇ ਕੁਝ ਲੋਕਾਂ ਨੂੰ
ਆਖ ਕੁਰਾਹੀਏ
ਹੀਣੇ ਹੀਣੇ ਆਪੇ ਨੂੰ ਪਰਚਾਉਂਦੇ ਸਾਂ।

ਪਹੁ ਫੁੱਟੀ ਤੇ ਜਦੋਂ ਊਸ਼ਾ ਨੇ
ਬੰਦ ਬੂਹਿਆਂ ਦੀਆਂ ਝੀਤਾਂ ਵਿਚੋਂ
ਅੰਦਰ ਝਾਤੀ ਮਾਰੀ ਹੈ,
ਨਿਸ਼ਕ੍ਰਿਆ ਦੀ ਨੀਂਦ 'ਚੋਂ ਜਾਗੇ
ਪਸ਼ੂਆਂ ਵਾਂਗਣ ਮੈੜ ਭੰਨਦੇ
ਮੁੜ ਪਰ੍ਹੇ ਵਿਚ ਆ ਬੈਠੇ ਹਾਂ।

"ਮੈਂ ਇਹ ਕੀਤਾ"
"ਮੈਂ ਔਹ ਕੀਤਾ"

"ਮੈਂ ਇਹ ਲਿਖਿਆ"
ਅੱਧ-ਕਚਰੇ ਜਹੇ ਦਾਅਵੇ ਕਰਕੇ
ਆਪਣੀ ਆਪਣੀ "ਮੈਂ" ਦੀਆਂ ਫਿਟਕਾਰਾਂ ਵਿਚੋਂ
ਉਪਜੇ ਸੱਚ ਨੂੰ ਟਾਲ ਰਹੇ ਹਾਂ।
ਫੋਕੇ ਲਫ਼ਜ਼ਾਂ ਦੇ ਰੱਕੜ ਚੋਂ
ਉਖੜੀ ਉਖੜੀ-ਮੋਈ ਮੋਈ
ਗੈਰਤ ਦੇ ਫੁੱਲ ਭਾਲ ਰਹੇ ਹਾਂ।

******

# ਮੇਰਾ ਪਿੰਡ

ਮਾਏ ਨੀ ਅੱਜ ਲੱਗੇ ਮੈਨੂੰ
ਆਪਣਾ ਪਿੰਡ ਪਰਾਇਆ ਨੀ।
ਓਪਰੀਆਂ ਜਾਪਣ ਇਹ ਜੂਹਾਂ
ਉਂਗਲ ਫ਼ੜ ਕੇ ਬਚਪਨ ਤਾਈਂ
ਤੁਰਨਾ ਜਿਨ੍ਹਾਂ ਸਿਖਾਇਆ ਨੀ।

ਨਵੀਂ ਨੁਹਾਰ ਨਵਾਂ ਉਜਿਆਰਾ
ਪਰ ਫਿਰ ਵੀ ਅੰਧਿਆਰਾ ਨੀ।
ਸਖਣੇ ਸਖਣੇ ਰਾਹਾਂ ਉੱਤੇ
ਬੋਝਲ ਬੋਝਲ ਪੈਰ ਸਮੇਂ ਦੇ
ਕਰਨ ਤੁਰਨ ਦਾ ਚਾਰਾ ਨੀ।

ਹਰ ਇਕ ਘਰ ਦੀ ਚਾਟੀ ਦੇ ਵਿਚ
ਲੋੜਾਂ ਰਿੜਕਣ ਪਾਇਆ ਨੀ।
ਮੱਖਣ ਵਰਗਾ ਜੋਬਨ ਮਾਏ
ਭੁੱਖ ਦੇ ਭੱਠ ਨੂੰ ਝੋਕਣ ਖ਼ਾਤਰ
ਪਰਦੇਸਾਂ ਨੂੰ ਧਾਇਆ ਨੀ।

ਕੋਇਲ ਵਰਗਾ ਕੰਠ ਗਵਾਇਆ
ਗਿੱਧੇ ਦੀ ਹਰ ਰਾਣੀ ਨੀ।
ਅੱਜ ਨਾ ਜੁੜਦੀ ਭੱਠੀ ਉੱਤੇ
ਖਿੱਲਾਂ ਵਾਕੁਣ ਖਿੜ ਖਿੜ ਕਰਦੀ
ਗਭਰੋਟਾਂ ਦੀ ਢਾਣੀ ਨੀ।

ਕਿਤੇ ਨਾ ਬੈਠ ਕਸੀਦੇ ਕੱਢਣ

ਕੱਚ ਕੁਆਰੀਆਂ ਕੁੜੀਆਂ ਨੀ।
ਕੰਤ ਜਿਨ੍ਹਾਂ ਤੋਰੇ ਪਰਦੇਸੀਂ
ਵਿਚ ਤ੍ਰਿੰਝਣ ਉਹ ਮੁਟਿਆਰਾਂ
ਚਿਰ ਤੋਂ ਕਦੇ ਨਾ ਜੁੜੀਆਂ ਨੀ।
ਵਰ੍ਹਿਆਂ ਦਾ ਖੂਹ ਗਿੜਦਾ ਜਾਵੇ
ਪਰਦੇਸਾਂ ਵਿਚ ਹਾਣੀ ਨੀ।
ਜ਼ਿੰਦਗਾਨੀ ਦੀ ਕੱਸੀ ਵਿਚੋਂ
ਸਹਿਜੇ ਸਹਿਜੇ ਵਗਦਾ ਹੋਇਆ
ਸੁੱਕੀ ਜਾਵੇ ਪਾਣੀ ਨੀ।

ਹੱਥੀਂ ਤੋਰ ਜੁਆਨੀ ਪਿੰਡ ਦੀ
ਹਰ ਇਕ ਸ਼ੈ ਨਿਰਾਸੀ ਨੀ।
ਬੁਢੀਆਂ ਕਬਰਾਂ ਜਿਹੇ ਘਰਾਂ ਵਿਚ
ਚੌਂਕੀਦਾਰਾ ਕਰਦੇ ਬਹਿਕੇ
ਬੋਹੜਾਂ ਵਰਗੇ ਵਾਸੀ ਨੀ।

ਪੱਛਮ ਦਿਆਂ ਕੁਬੇਰਾਂ ਰਲਕੇ
ਹਵਨ-ਕੁੰਡ ਇਕ ਤਾਇਆ ਨੀ।
ਪੌਂਡਾਂ ਦੀ ਅਗਨੀ ਵਿਚ ਮਾਏ
ਪਿੰਡ ਸਾਡੇ ਦਾ ਕੁੰਦਨ ਜੁੱਸਾ
ਸਾੜ ਬਿਭੂਤ ਬਣਾਇਆ ਨੀ।

ਮਾਏ ਨੀ ਅੱਜ ਲੱਗੇ ਮੈਨੂੰ,
ਆਪਣਾ ਪਿੰਡ ਪਰਾਇਆ ਨੀ।
ਓਪਰੀਆਂ ਜਾਪਣ ਉਹ ਜੂਹਾਂ
ਉਂਗਲ ਫੜ ਕੇ ਬਚਪਨ ਤਾਈਂ
ਤੁਰਨਾ ਜਿਨ੍ਹਾਂ ਸਿਖਾਇਆ ਨੀ।

******

## ਨੰਗੇ ਪੈਰ

ਆਪ ਉਸਾਰੀ ਭੁੱਲ ਭੁਲੱਈਆਂ ਦੇ ਘੇਰੇ ਚੋਂ
ਖੰਭ ਲਾ ਉੱਡ ਜਾਣ ਵਾਲੇ
ਜਿਸ *ਡੈਡਲਸ ਦੀ ਗੱਲ ਕਰਦੇ ਹੋ,
ਉਹ ਤੇ ਕੇਵਲ ਮਿੱਥ ਹੈ,
ਕਲਪਿਤ ਕਥਾ।

ਡੈਡਲਸ ਤਾਂ ਅਜ਼ਲ ਤੋਂ
ਹੁਕਮਾਂ ਦਾ ਬੰਦਾ
ਬਾਦਸ਼ਾਹੀਆਂ ਦਾ ਗੁਲਾਮ
ਅਣਗਿਣਤ ਰੂਪਾਂ ਵਿਚ ਸਾਡੇ ਸੰਗ
ਅੱਜ ਤੱਕ ਬੰਦ ਹੈ
ਵੇਲੇ ਦੀ ਕੈਦ ਵਿਚ।

ਮੈਂ ਤੁਹਾਡੀ ਤੱਕਣੀ ਦੀ ਤਨਜ਼ ਨੂੰ ਪਹਿਚਾਨਦਾ ਹਾਂ।
ਠੀਕ ਕਹਿੰਦੇ ਹੋ ਤੁਸੀਂ :
ਮੈਂ ਵੀ ਤੇ ਉਸ ਦਾ ਰੂਪ ਹਾਂ।
ਬੌਣਾ ਜਿਹਾ, ਧੁੰਦਲਾ ਜਿਹਾ।

---

*ਯੂਨਾਨ ਦਾ ਪੌਰਾਣਿਕ ਵਿਅਕਤੀ ਜਿਸ ਨੂੰ ਕਰੀਟ ਦੇ ਬਾਦਸ਼ਾਹ ਨੇ ਉਸ ਦੇ ਆਪਣੇ ਹੱਥੀਂ ਬਣਾਈ ਭੁੱਲ-ਭੁਲੱਈਆਂ ਵਿਚ ਬੰਦ ਕਰ ਦਿੱਤਾ ਸੀ। ਕਹਿੰਦੇ ਨੇ ਡੈਡਲਸ ਮੋਮ ਦੇ ਖੰਭ ਬਣਾਕੇ ਕੈਦ ਵਿੱਚੋਂ ਉਡ ਕੇ ਏਥਨਜ਼ ਪੁੱਜ ਗਿਆ ਸੀ ਜਦੋਂ ਕਿ ਉਸ ਦਾ ਪੁੱਤਰ ਸੂਰਜ ਦੇ ਨੇੜੇ ਉਡਣ ਕਾਰਣ ਮੋਮ ਢਲਣ ਕਰਕੇ ਸਮੁੰਦਰ ਵਿੱਚ ਡੁੱਬ ਕੇ ਮਰ ਗਿਆ ਸੀ।

ਮੇਰੇ ਦੁਆਲੇ ਇਕ ਨਿਰੰਤਰ ਸਫ਼ਰ ਵਿਚ
ਘੁੰਮਣ ਅਨੇਕਾਂ ਦਾਇਰੇ
ਸਭ ਮੇਰੇ ਆਪਣੇ ਉਲੀਕੇ।
ਆਪਣੇ ਸਵਿਧਾਨ ਦੀਆਂ
ਲਛਮਣ-ਰੇਖਾਵਾਂ ਨੂੰ ਮੈਂ
ਸੋਹਣੇ ਸੋਹਣੇ ਨਾਂ ਦਿੱਤੇ ਨੇ।
"ਫ਼ਰਜ਼ਾਂ" ਦੀ ਮੁਤਬੱਰਕ ਰੇਖਾ,
"ਜ਼ਬਤ" ਦਾ
ਤੇ "ਜ਼ਾਬਤ" ਦਾ ਦਾਇਰਾ

ਦੇਸ਼ ਪ੍ਰਤੀ ਫ਼ਰਜ਼ ਦੇ ਪਰਦੇ ਲੁਕਾਇਆ
ਆਪਣੇ ਪ੍ਰਤਾਪ ਤੇ ਪਦਵੀ ਸਬੰਧੀ "ਵਚਨ-ਬੰਧਨ"
ਆਪਣੇ ਅਸਤਿਤਵ ਨੂੰ ਬਿੰਦੂ ਬਣਾ
ਖਬਰੇ ਕਿੰਨੀਆਂ ਗੋਲ ਲਕੀਰਾਂ
ਚੋਹੀਂ ਪਾਸੀਂ ਖਿੱਚ ਲਈਆਂ ਨੇ।

ਰੇਖ਼ਾਵਾਂ ਦੇ ਚੱਕਰ ਦੇ ਵਿਚ
ਸੀਮਤ ਹੋਇਆ ਮੇਰਾ ਆਪਾ
ਰਾਡਾਰ ਦੀ ਸਕਰੀਨ ਤੇ ਨੁਕਤੇ ਦੇ ਵਾਂਗ
ਘੇਰੇ ਅੰਦਰ ਭਟਕਦਾ ਹੈ
ਨਿਰਵਾਯੂ ਵਿਚ ਲਟਕਦਾ ਹੈ
ਦਾਇਰਿਆਂ ਦੀ ਖਿੱਚ ਵਿਚ ਬੇਬਸ ਜਿਹਾ।

ਕਈ ਵਾਰ ਈਕਣ ਵੀ ਜਾਪੇ
ਕਿ ਮੇਰਾ ਵਿਅਕਤਿਤਵ,
ਇਕ ਸਥਾਈ ਧੁਰੇ ਉੱਤੇ ਘੁੰਮਦਾ
ਆਪਣੇ ਪਰਿਕਰਮਾ-ਪੱਥ ਤੇ ਗਤੀਸ਼ੀਲ
ਕੋਈ ਉਪ-ਗ੍ਰਿਹ ਹੈ।

ਸਮੇਂ ਦਿਆਂ ਸਰਦਾਰਾਂ ਮੈਨੂੰ ਹੱਕ ਦਿੱਤਾ ਹੈ,
ਸੀਮਾਂ ਰੇਖਾ ਦੇ ਵਿਚਕਾਰ
ਨਿਸ਼ੰਗ ਹੋ ਜੀ ਸਕਦਾ ਹਾਂ
ਅੱਧੋਰਾਣੇ ਅਹਿਸਾਸਾਂ ਨੂੰ
ਗੰਢ-ਤਰੁਪ ਕੇ ਸੀ ਸਕਦਾ ਹਾਂ।
ਕੁਝ ਵੀ ਸੋਚਾਂ,
ਇਸ ਦੇ ਲਈ ਸੁਤੰਤਰ ਹਾਂ

ਪਰ ਮੇਰੀ ਕੋਈ ਵੀ ਸੋਚ
ਸੂਤਕ ਪੀੜਾ ਨਹੀਂ ਸਹੇਗੀ।
ਜੇਕਰ ਕਿਧਰੇ ਭੁੱਲ ਭੁਲੇਖੇ
ਕਿਸੇ ਸੋਚ ਸ਼ਬਦ ਨੂੰ ਜਣਿਆ
ਨਵ-ਜਨਮੇਂ ਅੱਖਰ ਦੀ ਜੀਭ
ਕਦੇ ਕਿਸੇ ਦਰਦੀ ਨੂੰ
ਆਪਣੀ ਮੂਕ-ਵੇਦਨਾਂ ਨਹੀਂ ਕਹੇਗੀ।

ਮੈਂ ਆਪਣੇ ਮਾਲਕ ਦੀ ਉਸਤਤ ਕਰ ਸਕਦਾ ਹਾਂ
ਤੇ ਫਿਰਦੋਸ਼ੀ ਵਾਂਗ ਕਸੀਦੇ ਲਿਖ ਸਕਦਾ ਹਾਂ।
ਲਿਖਾਂ ਮਰਸੀਆਂ ਕਦੇ ਸ਼ਬਦ ਦੀ ਹੱਤਿਆ ਦਾ,
ਵਿਵਰਜਿਤ ਹੈ,
ਊਂ ਚਾਹਾਂ ਤਾਂ ਨੈਣੀਂ ਹੰਝੂ ਭਰ ਸਕਦਾ ਹਾਂ।

ਲੋਕੀ ਮੈਨੂੰ ਕਹਿੰਦੇ ਨੇ
ਮੈਂ ਬੁਜ਼ਦਿਲ ਹਾਂ,
ਆਪਣੇ ਕੋਮਲ ਪੈਰਾਂ ਵਿਚ ਮੈਂ
ਇਨਕਲਾਬ ਦੇ ਪੰਧ ਦੀਆਂ ਤਿੱਖੀਆਂ ਸੂਲਾਂ ਦੀ
ਤੀਖਣ ਪੀੜਾ ਜਰ ਨਹੀਂ ਸਕਦਾ।
ਇਸੇ ਲਈ ਕੋਈ ਵਿਦਰੋਹੀ

ਆਪਣੇ ਸਿਰਲੱਥਾਂ ਦੇ ਦਲ ਵਿਚ
ਮੈਨੂੰ ਸ਼ਾਮਲ ਕਰ ਨਹੀਂ ਸਕਦਾ।

ਨਵੀਆਂ ਰਾਹਾਂ ਦੇ ਪ੍ਰਦਰਸ਼ਕ ਚਾਹੁੰਦੇ ਨੇ,
ਜੁਗ-ਗਰਦੀ ਦੀ ਧੂੜਾ ਨੂੰ
ਤੁਲਸੀ ਦਾ ਪਵਿੱਤਰ ਤਿਲਕ ਬਣਾ
ਮੱਥੇ ਤੇ ਲਾ ਕੇ ਗੱਲ ਕਰਾਂ।
ਬੇਜਾਨ ਜਿਹੇ ਹਰ ਅਨੁਭਵ ਉਤੇ
ਇਨਕਲਾਬ ਦਾ ਪਿਉਂਦ ਚੜਾਵਾਂ
ਰੱਕੜ ਜਿਹੀ ਹਿਯਾਤੀ ਚੋਂ
ਸਾਹਸ ਉਪਜਾਕੇ ਗੱਲ ਕਰਾਂ।
ਉਹਨਾਂ ਨੂੰ ਕੀਕਣ ਸਮਝਾਵਾਂ ?
ਵਿਦਰੋਹੀ ਤਾਂ ਉਹ ਹੁੰਦਾ ਹੈ
ਜੋ ਤੁਰਦਾ ਹੈ ਭੰਨ ਕੇ ਲੀਹਾਂ
ਜਿਸ ਨੂੰ ਜੱਗ ਕੁਰਾਹੀਆ ਆਪੇ।
ਨਿਸਚਿਤ ਪਰਿਕਰਮਾਂ ਵਿਚ ਤੁਰਦੇ
ਰੇਖਾ-ਚੱਕ੍ਰ ਵਿਚ ਲਟਕਦੇ ਬੇਬਸ ਨੁਕਤੇ
ਇਨਕਲਾਬ ਦੇ ਸਮੇਂ ਕੀਕਣ ਬਣ ਸਕਦੇ ਨੇ ?

ਕਈ ਵਾਰ ਪਰ
ਜੀ ਕਰਦਾ ਏ,
ਢਿੱਡ ਦੀ ਭੁੱਖ ਦੇ ਦਾਵਾਨਲ ਨੂੰ ਭੁੱਲ ਭੁਲਾਕੇ
ਤੋੜ ਦਿਆਂ ਹਰ ਲਛਮਣ-ਰੇਖਾ
ਟੱਪ ਜਾਵਾਂ ਸੀਮਾਂ ਤੋਂ ਪਾਰ
ਨਿਸਚਿਤ ਹੋਏ
ਰਾਹ ਨੂੰ ਛੱਡ ਕੁਰਾਹੀਆ ਹੋ ਜਾਂ
ਬਾਗੀ ਹੋ ਕੇ
ਨੰਗੇ ਪੈਰੀਂ ਅੰਗਿਆਰਾਂ ਤੇ ਤੁਰਕੇ ਵੇਖਾਂ
ਤਿੱਖੀਆਂ ਸੂਲਾਂ ਸਹਿ ਕੇ ਵੇਖਾਂ

ਵਿਦਰੋਹੀਆਂ ਸੰਗ ਰਹਿ ਕੇ ਵੇਖਾਂ
ਕੌਣ ਕਿਹੜੀ ਮਿੱਟੀ 'ਚੋਂ ਬਣਿਆ,
ਪਰਖ ਲਵਾ।

ਇਹ ਵੀ ਮੱਤ ਹੈ ਕੁਝ ਲੋਕਾਂ ਦਾ
ਕਿ ਮੈਂ ਮੌਤੋਂ ਡਰਦਾ ਹਾਂ।
ਹਾਸੋ ਹੀਣੀ ਗੱਲ ਲਗਦੀ ਹੈ,
ਉਹ ਕੀ ਜਾਨਣ
ਮੇਰੀ ਮੈਂ ਤੇ
ਨਿੱਤ ਮਰੀ ਹੈ ਵਰ੍ਹਿਆਂ-ਬੱਧੀ
ਨਿੱਤ ਮਰੇਗੀ
ਨਿੱਤ ਮਰਦੀ ਹੈ

ਮੇਰੀ ਵਿਨਾਸ਼ੀ ਕਾਇਆ ਐਪਰ ਕਾਇਮ ਹੈ।
ਮੈਂ ਨਹੀਂ ਮਰਾਂਗਾ।
ਸੈਲ ਪੱਥਰ ਦੀ ਜੂਨ ਜੀਆਂਗਾ।
ਦੈਵੀ ਛੁਹ ਨੂੰ ਧੀਰਜ ਨਾਲ ਉਡੀਕਾਂਗਾ।
ਤੇ ਫਿਰ ਇਕ ਦਿਨ
ਵਿਚ ਵਜਦ ਦੇ ਨੱਚਦਾ ਗਾਉਂਦਾ
ਸਾਰੇ ਬੰਧਨ ਤੋੜ-ਤਾੜਕੇ
ਕੰਡਿਆਲੇ ਮਲ੍ਹਿਆਂ ਨੂੰ ਪੈਰਾਂ ਵਿਚ ਰੋਲਦਾ
ਡੰਗ ਸਹਾਰ ਕਰੀਰਾਂ ਦੇ
ਰੋਹੀ ਵਿਚੋਂ ਲੰਘ ਜਾਵਾਂਗਾ
ਨੰਗੇ ਪੈਰੀਂ।
ਉਸ ਉਪਰੰਤ ਕਹਾਣੀ ਕਰਨਾਂ
ਕਿ ਇਕ ਡੈਡਲਸ
ਆਪ ਉਸਾਰੀ ਭੁੱਲ ਭੁਲੱਈਆਂ ਦੇ ਘੇਰੇ 'ਚੋਂ
ਬਾਹਰ ਉਡਾਰੀ ਮਾਰ ਗਿਆ ਹੈ।

*****

# ਪਰਿਵਰਤਨ

ਆਦਮ ਬਣੇ ਪ੍ਰੇਤ
ਤਪਾਈਆਂ ਧੂਣੀਆਂ
ਭੁੱਖਾਂ ਹੋਈਆਂ ਪ੍ਰਬਲ
ਰੂਹਾਂ ਊਣੀਆਂ
ਹਰ ਕੋਈ ਪੰਡ ਤ੍ਰਿਸ਼ਨਾ ਦੀ
ਚੁੱਕੀ ਆ ਰਿਹੈ।

ਹਰ ਇਨਸਾਨ ਪੁਜਾਰੀ
ਭੁੱਖ ਦੀ ਅੱਗ ਦਾ
ਬੈਠਾ ਕੁੰਡ ਤਪਾ
ਲਾਲਸ ਦੇ ਯੱਗ ਦਾ
ਵਿਚ ਰੀਝਾਂ ਦਾ ਬਾਲਣ
ਪਾਈ ਜਾ ਰਿਹੈ।

ਸਾਹ ਲੈਣਾ ਵੀ ਇਕ
ਸਮੱਸਿਆ ਬਣ ਰਹੀ।
ਗੋਰਖ-ਧੰਦਾ ਜੇਹੀ
ਤਾਣੀ ਤਣ ਰਹੀ
ਲਾਚਾਰੀ ਦੀ ਹਰ ਕੋਈ
ਗੱਲ ਸੁਣਾ ਰਿਹੈ।
ਕਾਹਦੀ ਜਿੰਦੇ ਆਸ
ਕਿਸੇ ਤੋਂ ਰੱਖਣੀ ?
ਔੜ ਮਾਰੀਆਂ ਰੂਹਾਂ
ਧਰਤੀ ਸੱਖਣੀ
ਅੰਬਰ ਧੂਆਂ ਬਣਕੇ

ਕਿਰਦਾ ਜਾ ਰਿਹੈ।

ਨੈਣਾਂ ਵਿਚ ਉਡੀਕਾਂ
ਚੌਂਕੀ ਭਰਦੀਆਂ,
ਪੀੜ ਹੋਈ ਮੁਟਿਆਰ
ਸਧਰਾਂ ਠਰਦੀਆਂ,
ਨਿਸੱਲ ਹੋਈ ਜਿੰਦ,
ਧੁੰਦਲਕਾ ਛਾ ਰਿਹੈ।

ਉਠ ਨੀ ਜਿੰਦੇ
ਨਵੀਆਂ ਰਾਹਾਂ ਭਾਲੀਏ,
ਪਰਿਵਰਤਨ ਦੇ ਭੱਠ ਵਿਚ,
ਆਪਾ ਢਾਲੀਏ,
ਨਵੇਂ ਮਖੌਟੇ ਵਾਲਾ
ਸਮਾਂ ਬੁਲਾ ਰਿਹੈ।

****

## ਮਮਤਾ

ਰੋਜ਼ੀ ਦੀ ਕਸਤੂਰੀ ਪਿੱਛੇ ਭਟਕਦਿਆਂ
ਮਹਾਂ ਨਗਰ ਦੀ ਇਕ ਛਬੀਲੀ ਬਸਤੀ ਦੇ
ਵਿਸ਼੍ਰਾਮ-ਗ੍ਰਹਿ ਵਿਚ ਜਦੋਂ ਕਦੇ ਵੀ
ਰੈਣ-ਬਸੇਰਾ ਕਰਦਾ ਹਾਂ,
ਤਾਂ ਹਰ ਰਾਤ
ਸੜਕੋਂ ਪਾਰ
ਕਾਰਾਂ ਵਾਲੀ
ਮਹਿਲ-ਨੁਮਾਂ ਕੋਠੀ ਵਿਚ ਹੁੰਦੀ ਘਟਨਾ ਦਾ
ਅਣ-ਇਛੱਕ ਦਰਸ਼ਕ ਬਣਦਾ ਹਾਂ।

ਟਿਕੀ ਰਾਤ ਵਿਚ
ਜਦ ਤਾਰੇ ਵੀ ਜਾਗੋ-ਮੀਟੀ ਹੁੰਦੇ ਨੇ,
ਚੁੱਪ ਦਾ ਕੋਹਰਾ
ਪੋਲੇ ਪੈਰੀਂ ਚਲਦੀ ਵਾ ਵਿਚ ਘੁਲ ਜਾਂਦਾ ਹੈ,
ਆਵਾਂਜਾਈ ਰੁਕ ਜਾਂਦੀ ਹੈ।

ਥੱਕੀ ਸੜਕ ਵੀ ਸੌਂ ਜਾਂਦੀ ਹੈ
ਕੁਝ ਸਮੇਂ ਲਈ
ਮਹਾਂ ਨਗਰ ਦੇ ਸਾਹਾਂ ਦੀ
ਇਸਪਾਤੀ ਧੜਕਣ ਰੁੱਕ ਜਾਂਦੀ ਹੈ
ਤਾਂ ਉਸ ਵੱਡੀ ਕੋਠੀ ਵਿਚੋਂ
ਇਕ ਬਿਹਬਲ ਬੱਚੇ ਦੀ ਕੂਕਰ
ਚੁੱਪ ਦੇ ਪਿੰਡੇ ਚੁਭ ਜਾਂਦੀ ਹੈ

ਕੰਡੇ ਵਾਂਗੂ
ਚੌਗਿਰਦੇ ਦੀ ਡੂੰਘੀ ਨੀਂਦਰ ਟੁੱਟ ਜਾਂਦੀ ਹੈ।

ਇਕ ਨਿਰਾਸੀ ਅਲੜ੍ਹ ਆਇਆ,
ਬਾਹਾਂ ਵਿੱਚੋਂ ਡਿਗ ਡਿਗ ਜਾਂਦੇ
ਵਿਲਕ ਰਹੇ ਬੱਚੇ ਨੂੰ ਪਲ ਪਲ ਥਾਪੜਦੀ
ਬੇਸੁਰ ਜੇਹੀ ਲੋਰੀ ਦਿੰਦੀ
ਘੰਟਿਆਂ ਬੱਧੀ
ਕਮਰੇ ਅੰਦਰ
ਬਾਲਕੋਨੀ ਵਿਚ
ਮੁੜ ਕਮਰੇ ਵਿਚ
ਰਹੇ ਘੁੰਮਦੀ ਸੜਦੀ ਭੁੱਜਦੀ;
ਪਰ ਬੱਚੇ ਦੀ ਬੇਬਸ ਰੀਂ ਰੀਂ,
ਕੰਧੋਂ ਪਾਰ,
ਏਅਰ ਕੰਡੀਸ਼ਨਡ ਕਮਰੇ ਦੇ ਵਿਚ
ਦੋ ਸਾਹਾਂ ਦੀ ਵਿੱਥ ਤੇ ਸੁੱਤੀ
ਉਸ ਦੀ ਮਾਂ ਦੇ
ਸੁਖਦਾਈ ਘੂਕਰ ਦੇ ਰਸੀਏ,
ਕੰਨਾਂ ਤੀਕ ਕਦੇ ਨਹੀਂ ਪੁੱਜਦੀ !

ਮੇਰੇ ਸਾਹਵੇਂ ਇਕ ਖ਼ਿਆਲ
ਅਕਸਰ ਆਣ ਖਲੋਂਦਾ ਹੈ,
ਵਿਸ਼੍ਰਾਮ ਗ੍ਰਿਹ ਦੇ ਚੌਂਕੀਦਾਰ ਦੀ
ਅਨਪੜ੍ਹ ਪਤਨੀ ਦੇ ਬੱਚੇ ਨੂੰ
ਕਿਸੇ ਰਾਤ ਨੇ
ਬੇਬਸ ਹੋ ਰੋਂਦੇ ਨਹੀਂ ਸੁਣਿਆ।

*****

## ਥਕਾਵਟ

ਥੱਕਾ ਥੱਕਾ ਸੂਰਜ ਡੱਬਾ
ਜਾਂਦਾ ਜਾਂਦਾ ਛੱਡ ਗਿਆ ਹੈ
ਪੱਛਮ ਦੇ ਆਕਾਸ਼ ਤੇ ਫ਼ੈਲੇ
ਤਿੱਤਰ ਖੰਭੇ ਬੱਦਲਾਂ ਉਤੇ
ਲਾਲੀ ਦੇ ਘਸਮੈਲੇ ਧੱਬੇ;
ਈਕੁਣ ਜਾਪੇ
ਕੇਚਮ ਦਾ ਰਾਹ ਲੱਭਣ ਵਾਲੀ
ਕਿਸੇ ਪਰੀ ਦੇ ਪਗ-ਚਿੰਨ੍ਹ ਜਿਉਂ
ਲਹੂ 'ਚ ਭਿੱਜੇ।

ਥੱਕੇ ਥੱਕੇ ਦਫ਼ਤਰ ਵਾਸੀ
ਖ਼ਾਲੀ ਜ਼ਿਹਨ ਤੇ ਖ਼ਾਲੀ ਡੱਬੇ
ਲੱਦ ਸਾਈਕਲ ਦੀ ਕਾਠੀ ਉੱਤੇ
ਆਪੋ ਆਪਣੇ ਘਰ ਨੂੰ ਤੁਰ ਗਏ !

ਮੈਨੂੰ ਵੀ ਤਾਂ ਚਾਹੀਦਾ ਹੈ
ਪਿੰਜਰੇ ਵਿਚੋਂ ਬਾਹਰ ਆਵਾਂ
ਹੱਥ ਵਿਚਲੇ ਕਾਗ਼ਜ਼ ਨਿਪਟਾਕੇ
ਕੁਰਸੀ ਨੂੰ ਆਦਾਬ ਵਜਾਵਾਂ
ਦਫ਼ਤਰ ਛੱਡਾਂ
ਘਰ ਦੀ ਜੂਨ ਹੰਢਾਵਾਂ !

ਕੀਕੁਣ ਉੱਠਾਂ ?

ਤਨ ਮਨ ਅੰਦਰ
ਸੁੰਨ ਜਿਹੀ ਕੋਈ ਚੜ੍ਹਦੀ ਜਾਵੇ
ਜਿਵੇਂ ਹਿਮਾਲਾ ਪੰਘਰ ਕੇ
ਯਖ ਠੰਡੀ ਜਲਧਾਰਾ ਬਣਕੇ
ਰੂਹ ਦੇ ਅੰਦਰ ਡੁੱਲ੍ਹਾ ਹੋਵੇ।
ਲੋ ਨੈਣਾਂ ਦੀ ਹੰਭੀ ਹੰਭੀ
ਜ਼ਿਹਨ ਦੁਆਲੇ ਕਰਮਹੀਣਤਾ
ਧੁੰਦ ਵਾਂਗਰਾਂ ਪਸਰੀ ਜਾਵੇ।

ਤੇ ਮੈਂ ਜੋ
ਅੱਜ ਦੇ ਯੁੱਗ ਦਾ
ਕਰਮਯੋਗ ਦੇ ਨਿਯਮ 'ਚ ਬੱਧਾ
ਅਰਜਣ ਹਾਂ
ਮੇਰੇ ਹੰਭੇ ਹੰਭੇ ਹੱਥ
ਕਲਮ ਦਾ ਗੰਡੀਵ ਚੁੱਕਣ ਤੋਂ
ਆਰੀ ਜਾਪਣ।

ਉੱਚੇ ਉੱਚੇ
ਨਿਰਜਿੰਦ ਕਾਗ਼ਜ਼ ਦੇ ਅੰਬਾਰ
ਜਿਨ੍ਹਾਂ ਸਹਾਰੇ ਕਹਿਣ ਸਿਆਣੇ
ਰਾਜ ਭਾਗ ਦਾ ਰੱਥ ਤੁਰਦਾ ਹੈ,
ਪੰਚਾਲੀ ਦੇ ਚੀਰ ਵਾਂਗ
ਵਧਦੇ ਹੀ ਜਾਵਨ
ਮੇਰੇ ਹੱਥ ਦੁਸ਼ਾਸ਼ਣ ਵਾਂਗੂੰ
ਛਾਲੇ ਛਾਲੇ ਹੋ ਚੁੱਕੇ ਨੇ।

ਸ਼ਾਇਦ ਮੈਂ ਕੋਈ ਅਰਜਣ ਨਹੀਂ
ਦੁਸ਼ਾਸ਼ਣ ਹਾਂ

ਇਉਂ ਜਾਪਦੈ
ਏਨਾਂ ਚੀਰਾਂ ਕਦੇ ਨਾ ਮੁਕਣਾ
ਤੇ ਮੈਂ
ਦਰਯੋਧਨ ਦੇ ਹੁਕਮਾਂ-ਬੱਧਿਆਂ
ਚੀਰਾਂ ਨੂੰ ਹੈ ਖਿੱਚੀ ਜਾਣਾ
ਹੰਭਿਆਂ ਹੰਭਿਆਂ
ਅੱਕਿਆਂ ਅੱਕਿਆਂ
ਥੱਕਿਆਂ ਥੱਕਿਆਂ।

*****

# ਟੀਸੀ

ਸਦਾ ਉਲਾਂਭੇ ਦੇਵੇਂ, ਸਜਣਾ:
"ਤੂੰ ਟੀਸੀ ਤੇ ਜਾ ਬੈਠਾ ਏਂ
ਭੁੱਲ ਕੇ ਕੌਲ ਕਰਾਰ
ਛੱਡ ਬੈਠੋਂ ਬਚਪਨ ਦੇ ਯਾਰ,
ਨਵੇਂ ਸਿਖਰ ਦੇ ਮਾਣ 'ਚ ਮੱਤਾ
ਅਰਸ਼ਾਂ ਦੇ ਸੰਗ ਕਾਰ ਵਿਹਾਰ।"

ਮੰਨਦਾ ਹਾਂ ਕਿ
ਮੰਜ਼ਿਲ ਦੀ ਸਰਦਾਰੀ ਮੇਰੇ ਕਦਮਾਂ ਵਿਚ ਹੈ,
ਲੱਖਾਂ ਲੋਕ ਸਲਾਮਾਂ ਕਰਦੇ,
ਗਰਜ਼ੀ ਬੰਦੇ ਬਣੇ ਪੁਜਾਰੀ
ਰੋਜ਼ ਵਫ਼ਾ ਦਾ ਦਮ ਨੇ ਭਰਦੇ,
ਕੋਹਾਂ ਦੂਰ ਸਨੇਹੀ ਬੈਠੇ
ਪੌਣਾਂ ਹੱਥ ਸੁਨੇਹੇ ਘੱਲਣ,
ਸ਼ਬਦਾਂ ਦੇ ਸਿਰ ਮੁਕਟ ਸਜਾਕੇ
ਸੋਨੇ-ਰੰਗੇ ਕਾਗਜ਼ ਉੱਤੇ
ਅਰਥ-ਹੀਣ ਤੇ ਲੂਲੇ ਲੰਗੜੇ
ਅੱਖਰ ਲਿਖ ਲਿਖ ਭਰਨ ਹੁੰਗਾਰੇ।

ਅੱਖਰਾਂ ਦੀ ਵਲਗਣ ਅੰਦਰ
ਵੰਨ-ਸੁਵੰਨੇ ਸ਼ਬਦਾਂ ਦਾ ਕਰਦੇ ਸ਼ਿੰਗਾਰ,
ਮੌਸਮ ਵਰਗੇ ਮਿੱਤਰ ਯਾਰ
ਟੀਸੀ ਦੀ ਪ੍ਰਸ਼ੰਸਾ ਦੇ ਨਿੱਤ ਸੋਹਿਲੇ ਗਾਉਂਦੇ
ਪਿਆਰ ਵਫ਼ਾ ਦੇ ਦਾਅਵੇ ਕਰਦੇ
ਆਪੋ ਆਪਣਾ ਹੱਕ ਜਤਾਉਂਦੇ।

ਯਾਰਾ, ਤੈਨੂੰ ਕੀਕੁਣ ਦੱਸਾਂ,
ਪ੍ਰਸ਼ੰਸਾ ਦੇ ਏਸ ਪੜਾ ਤੇ
ਕਿੰਨੇ ਨਾਗ ਤਿਹਾਏ ਸੁੱਤੇ।
ਇਸ ਟੀਸੀ 'ਤੇ
ਜਿਸ ਦੇ ਉੱਤੇ ਮੈਂ ਵਸਦਾ ਹਾਂ
ਇਕ ਸਦੀਵੀ ਔੜ ਹੈ ਰਹਿੰਦੀ
ਹਰ ਇਕ ਮੌਸਮ, ਹਰ ਇਕ ਰੁੱਤੇ।
ਏਸ ਬਜਰ ਧਰਤੀ 'ਤੇ ਲਗਦੇ
ਕੱਚ-ਕੁਆਰੇ ਫੁੱਲ ਰੀਝਾਂ ਦੇ
ਆਸ਼-ਨਿਰਾਸੇ ਤ੍ਰਿਖਾ-ਵਿਗੁੱਤੇ।

ਨਿੱਤ ਸੂਰਜ ਦੇ ਡੁੱਬਣ ਵੇਲੇ
ਇਕਲਾਪੇ ਦੇ ਸੁੰਞੇਪਣ ਵਿਚ
ਰੂਹ ਮੇਰੀ ਬੇਬਸ ਕੂਕਰ
ਪਰਬਤ ਸਿਖਰਾਂ ਨੂੰ ਟਕਰਾ ਕੇ
ਚੌਹੀਂ ਪਾਸੀਂ ਪਲਮ ਖਲੋਏ

ਮੇਰੇ ਸਾਹਵੇਂ—

ਮੇਰੀ ਹੀ ਕੁਰਸੀ 'ਤੇ ਬਹਿਕੇ
ਮੇਰੀ ਪ੍ਰੇਤ-ਆਤਮਾ ਰੋਏ !

ਸੋਚ ਸਜਣਾ
ਇਕ ਸ੍ਵਾਂਤੀ ਬੂੰਦ ਲੋਚਦੀ
ਇਸ ਤ੍ਰਿਹਾਈ ਟੀਸੀ ਤੇ
ਕੋਈ ਕਾਹਦਾ ਮਾਣ ਕਰੇਗਾ ?
ਆਪਣੇ ਹੀ ਪਰਛਾਵੇਂ ਹੇਠਾਂ
ਹੋਂਦ ਏਸ ਦੀ ਡੁਸਕ ਰਹੀ ਹੈ !

****

# ਉਡੀਕ

ਵਤਨੋਂ ਦੂਰ ਵਸੇਂਦੇ ਸਜਣਾ
ਸਾਵਣ ਰੁੱਤ ਦੇ ਬੱਦਲਾਂ ਵਾਕੁਣ
ਸ਼ਾਮ ਸਵੇਰੇ
ਛਾਇਆ ਰਹਿੰਦਾ ਏ ਰੂਹ ਉੱਤੇ
ਤੇਰੀਆਂ ਯਾਦਾਂ ਦਾ ਪਰਛਾਵਾਂ।
ਤੇਰੀਆਂ ਪੈੜਾਂ
ਸੱਤ ਸਮੁੰਦਰ ਡੱਕੀ ਬੈਠੇ
ਕਿਹੜੀ ਪੌਣ ਦੀ ਉਂਗਲ ਫੜ ਕੇ
ਦੇਸ਼ ਤੇਰੇ ਨੂੰ ਆਵਾਂ ?
ਚੰਦਨ-ਭਿੱਜੀ ਮਹਿਕ ਤੇਰੀ ਨੂੰ
ਪਲਕਾਂ ਨਾਲ ਛੁਹਾਵਾਂ।

ਮੈਂ ਫ਼ਰਜ਼ਾਂ ਦੀ ਝੋਲੀ ਪੈ ਕੇ
ਨਾਜ਼ੁਕ ਜਾਨ ਤੇ ਸਦਮੇ ਸਹਿਕੇ
ਅਭਿਮਨਯੂ ਜਿਉਂ
ਚਕ੍ਰ-ਵਿਊ ਵਿਚ ਭਟਕ ਗਿਆ ਹਾਂ
ਪੇਚਦਾਰ ਦੀਵਾਰਾਂ
ਕਿਧਰੇ ਦੇਣ ਨਾ ਰਾਹਵਾਂ,
ਸਮਝ ਨ ਆਵੇ ਕਿੱਧਰ ਜਾਵਾਂ,
ਦੁਨੀਆਦਾਰੀ ਦੇ ਦੁੱਖਾਂ ਨੇ
ਸੱਭੇ ਰਸਤੇ ਮੱਲ ਲਏ,
ਠਾਠਾਂ ਮਾਰਨ ਚੌਹੀਂ ਪਾਸੀਂ
ਕਾਲੇ ਸ਼ਾਹ ਹਨੇਰੇ,
ਅਰਮਾਨਾਂ ਦੇ ਨਾਗ ਜ਼ਹਿਰੀਲੇ

ਸ਼ੂਕਣ ਚਾਰ ਚੁਫੇਰੇ :
ਬੋਝਲ ਹੈ ਸਾਹਾਂ ਦੀ ਵਲਗਣ
ਫਰਜਾਂ ਦੇ ਇਸ ਅੰਨ੍ਹੇ ਖੂਹ ਚੋਂ
ਬਾਹਰ ਕੀਕਣ ਆਵਾਂ ?

ਜਿਹਨ 'ਚ ਸੜਦੀਆਂ ਸੋਚਾਂ ਦੇ ਅੰਗਿਆਰਾਂ ਉੱਤੇ
ਨੰਗੇ ਪੈਰੀਂ ਤੁਰਨਾ ਔਖਾ,
ਜੀ ਕਰਦਾ ਏ
ਖੰਭ ਵਿਕੰਦੜੇ ਜੇ ਮਿਲ ਜਾਵਣ
ਤਾਂ ਇਕ ਵਾਰ
ਉੱਚਾ ਉੱਚਾ ਉੱਡਦਾ ਜਾਵਾਂ।
ਢਲ ਜਾਵਾਂ ਸੂਰਜ ਦੀ ਅੱਗ ਵਿਚ
ਸੜ ਜਾਵਾਂ ਮੁੱਕ ਜਾਵਾਂ।

ਸੱਜਣਾ, ਹਿੰਮਤ ਨੂੰ ਖੰਭ ਲਾ ਜਾ
ਜਾਂ ਵਤਨਾਂ ਨੂੰ ਮੁੜਕੇ ਆ ਜਾ
ਬਿਰਹਾ ਬਿੱਛੂ ਡੰਗ
ਨੀਲਾ ਪੈ ਗਿਆ ਰੰਗ,
ਸੋਚਾਂ ਦੀ ਸੂਲੀ ਤੇ ਟੰਗੇ
ਸਹਿਕ ਰਹੇ ਨੇ,
ਉਖੜੇ ਉਖੜੇ ਸਾਹ ਹਸਤੀ ਦੇ
ਬੇਬਸ ਨਿਰਬਲ ਬਾਹਵਾਂ।

*****

# ਸਿੰਮੇਰੀਅਨ

*ਸਿੰਮਰੀ ਦੇਸ਼ ਦਾ ਵਾਸੀ ਹਾਂ ਮੈਂ
ਧੁੱਪਾਂ ਨਾਲ ਨਾ ਰਿਸ਼ਤਾ ਕੋਈ
ਚਾਨਣੀ ਦੇ ਰੂਪ ਤੋਂ ਅਨਜਾਣ ਹਾਂ।
ਮੇਰੇ ਦੁਆਲੇ ਸ਼ਾਮ ਸਵੇਰੇ,
ਘੁਪ ਹਨੇਰੇ
ਬੈਠੇ ਰਹਿੰਦੇ ਲਾ ਕੇ ਡੇਰੇ,
ਕਾਲਖ ਹੀ ਕਾਲਖ ਹੈ ਮੇਰੇ ਅੰਦਰ ਬਾਹਰ।

ਜੇ ਕਿਧਰੇ ਕੋਈ ਲਿਟ ਚਾਨਣ ਦੀ
ਅੰਧਕਾਰ ਦੇ ਚਕ੍ਰਵਿਊ ਦੇ ਬੰਧਨ ਤੋੜ
ਮੇਰੇ ਬੂਹੇ ਆ ਜਾਂਦੀ ਹੈ,
ਸਵੈ-ਕਲਪਤ ਨਿਯਮਾਂ ਦੇ  ਤੀਰ
ਕਵਚ ਉਸਦਾ ਕਰ ਦਿੰਦੇ ਨੇ ਲੀਰੋ ਲੀਰ
ਛਮਕ ਜੇਹੀ ਕਿਰਨ ਵਿਚਾਰੀ
ਟੁੱਟੇ ਰੱਥ ਦੇ ਪਹੀਏ ਚੁੱਕੀ
ਕਾਲਖ ਦੇ ਸੰਗ
ਲੜਦੀ ਹੋਈ ਮਿਟ ਜਾਂਦੀ ਹੈ।

ਅਜ਼ਲਾਂ ਤੋਂ ਮੇਰੇ ਮਨ ਅੰਦਰ
ਇਕ ਲਾਲਸਾ ਪਲਮ ਰਹੀ ਹੈ,
ਟਿਮ ਟਿਮ ਕਰਦੀ ਨਾਜ਼ੁਕ ਜਿਉਤੀ
ਚੋਰੀ ਕਰ ਲਾਂ

---

* ਦੇਸ਼ ਜਿਸ ਵਿਚ ਕਹਿੰਦੇ ਨੇ ਕਦੇ ਰੋਸ਼ਨੀ ਨਹੀਂ ਹੁੰਦੀ ।

ਫੜ ਲਾਂ ਉਡਦਾ ਜੁਗਨੂੰ ਕੋਈ
ਅੰਧਕਾਰ ਤੋਂ ਚੋਰੀ ਚੋਰੀ
ਮਨ ਦੇ ਇੱਕ ਕੋਨੇ ਵਿਚ ਧਰ ਲਾਂ।

ਭੁੱਲ ਜਾਂਦਾ ਹਾਂ
ਕੋਈ ਜੁਗਨੂੰ
ਸੂਚਕ ਨਹੀਂ ਸਵੇਰੇ ਦਾ।
ਭੁੱਲ ਜਾਂਦਾ ਹਾਂ
ਸਿੰਮਰੀ ਵਿਚ
ਚਾਨਣ ਦੇ ਬੋਲ ਵਿਵਰਜਿਤ ਨੇ।

****

# ਇਕ ਦੰਤ ਕਥਾ

ਪਿੰਡ ਦੀ ਇਕ ਸੁਨੱਖੀ ਵਿਧਵਾ
ਮਾਂ ਦੇ ਸੁਹਣੇ ਬੱਚਿਆਂ ਦੀ
ਬਾਹਰੋਂ ਆਕੇ ਵਸੇ ਵਪਾਰੀ
ਅਬਲਾ ਦੁਬਿਧਾ ਮਾਰੀ
ਜਬਰੀਂ ਆਪਣੇ ਘਰ ਵਿਚ ਪਾ ਲਈ

ਪਿੰਡ ਦੇ ਵਾਸ਼ੀ ਅਣਖੋਂ ਕੋਰੇ
ਦਾਗੀ ਪੱਗਾਂ ਸਿਰ ਤੇ ਬੰਨ੍ਹੀਂ
ਰਹੇ ਵੇਖਦੇ
ਗੈਰਾਂ ਦੇ ਪੈਰਾਂ ਵਿਚ ਰੁਲਦੀ
ਪਿੰਡ ਦੀ ਇੱਜ਼ਤ।

ਪੋਹ ਰੁੱਤ ਦੀ ਕਕਰੀਲੀ ਛਾਂ ਨੇ
ਚੜ੍ਹਦੇ ਚੇਤਰ ਜਿਹੇ ਹੁਸਨ ਤੇ
ਵਰ੍ਹਿਆਂ ਬੱਧੀ
ਪਾ ਰੱਖੀ ਆਪਣੀ ਪਰਛਾਈ
ਕੁੰਦਨ ਜਿਹੀ ਸੋਹਣੀ ਕਾਇਆ
ਦੀ ਲਾਲੀ
ਈਕੂਣ ਮੈਲੀ ਹੋਈ
ਜਿਵੇਂ ਮੂਰਤੀ ਕਿਸੇ ਪੁਰਾਤਨ ਮੰਦਰ ਦੀ
ਪੱਤ-ਝੜ ਦੇ ਘਸਮੈਲੇ ਪੱਤਰਾਂ
ਆਪਣੇ ਹੇਠਾਂ ਹੋਏ ਲੁਕਾਈ।
ਤੇ ਫਿਰ ਇਕ ਦਿਨ
ਦੇ ਗਭਰੂਆਂ ਦੇ ਨੈਣਾਂ ਵਿਚੋਂ
ਰੋਹ ਦੀ ਇਕ ਚੰਗਿਆੜੀ ਚਮਕੀ
ਸੀਤ ਖੂਨ ਵਿਚ ਜੰਮੇ ਹੋਏ
ਡੌਲੇ ਫਰਕੇ।

ਜਾਂਨ ਬਚਾ ਕੇ
ਕੰਬਦੇ ਪੈਰੀਂ
ਬੁੱਢਾ ਜਾਬਰ ਪਿੰਡੋਂ ਤੁਰ ਗਿਆ
ਚੋਰਾਂ ਵਾਗੂੰ।

ਕੁਝ ਪਲਾਂ ਲਈ ਪੀਲਾ ਚਿਹਰਾ
ਚੜ੍ਹਦੇ ਸੂਰਜ ਵਾਂਗ ਲਿਸ਼ਕਿਆ
ਪਿੰਡ ਦੀ ਇਕ ਬੇ-ਪਰਦਾ ਅਬਲਾ
ਮਾਂ ਬਣੀ ਸੀ ਦੋ ਰਾਠਾਂ ਦੀ।

ਪਰ ਉਸ ਪਿੰਡ ਦੀ ਮਿੱਟੀ ਦੀ
ਤਾਸੀਰ ਪਤਾ ਨਹੀਂ ਕੇਹੀ ਸੀ ?
ਬੰਦ-ਖਲਾਸੀ ਕਰਕੇ ਉਸ ਦੀ
ਦੋਹਾਂ ਪੁੱਤਰਾਂ
ਮਾਂ ਵੰਡ ਲਈ
ਜੀਕੁਣ ਉਹ ਕੋਈ ਮਾਂ ਨਾ ਹੋਵੇ
ਜੱਦ ਵਿਚ ਮਿਲੀ ਹਵੇਲੀ ਹੋਵੇ।
ਇਸ ਦੁਖਿਆਰੀ ਵਡੀ ਮਾਂ ਦੇ
ਹੋਣਹਾਰ ਅਣਖੀਲੇ ਪੁੱਤਰ
ਅਜੇ ਤੀਕ ਵੀ
ਹਰ ਤੀਜੇ ਦਿਨ ਲੜਦੇ ਨੇ,
ਮਾਂ ਦੇ ਬੁੱਢੇ ਹੱਡਾਂ ਖਾਤਰ।

ਦੋ ਰਾਠਾਂ ਦੀ ਮਾਂ ਦੁਖਿਆਰੀ
ਆਪਣੀ ਜਿੰਦ ਦਾ ਹਾਲ
ਆਖੇ ਤਾਂ ਅੱਜ ਕਿਸ ਨੂੰ ਆਖੇ?
ਜੀਵੇ ਤਾਂ ਕਿਸ ਆਸ ਤੇ ਜੀਵੇ?

******

# ਰਾਵੀ ਨੂੰ

ਵੰਡੀ ਨਦੀਏ,
ਅਕਲ ਤੇਰਿਆਂ ਪੁੱਤਾਂ ਦੀ
ਤੇਰਾ ਰੂਪ ਸਰਾਪ ਗਈ ਹੈ।
ਵੱਟ ਬਣਾ ਕੇ
ਤੇਰੀ ਨਿਰਮਲ ਜਲ-ਧਾਰਾ ਦੀ
ਤੇਰੀਆਂ ਹਰੀਆਂ ਭਰੀਆਂ ਜੂਹਾਂ
ਤੇਰ-ਮੇਰ ਦੀਆਂ ਵੰਡਾਂ ਪਾ ਕੇ ਮਾਪ ਗਈ ਹੈ।

ਅੱਜ ਤੇਰੇ ਪਾਣੀ ਦੀ ਸਿੰਜੀ
ਧਰਤੀ ਉੱਤੇ
ਜ਼ਹਿਰ-ਭਰੀ ਮਿੱਟੀ ਚੋਂ ਬਣੀਆਂ
ਹਰ ਪਾਸੇ ਦੀਵਾਰਾਂ ਨੇ।
ਵੰਡ ਲਿਆ ਏ ਵਿਹੜਾ ਤੇਰਾਂ,
ਤੇਰੇ ਅੱਖੜ ਤੇ ਅਲਬੇਲੇ
ਖਾਨਾਂ ਤੇ ਸਰਦਾਰਾਂ ਨੇ।

ਵੰਡੀ ਨਦੀਏ,
ਅੱਜ ਤੇਰਿਆਂ ਪੱਤਣਾਂ ਉੱਤੇ,
ਸਭ ਉਡੀਕਾਂ ਮੁੱਕ ਗਈਆਂ ਨੇ।
ਨਾ ਕੋਈ ਪੁਲ ਤੇ ਨਾ ਕੋਈ ਪਾਂਧੀ,
ਨਾ ਕੋਈ ਬੇੜੀ ਨਾ ਕੋਈ ਮਾਂਝੀ,
ਤੇਰੀਆਂ ਲਹਿਰਾਂ ਵਿਚੋਂ ਉਗੇ
ਗੀਤਾਂ ਦੀਆਂ ਮੁਲਾਇਮ ਲੈਆਂ,
ਕਿਸੇ ਬਰੇਤੇ ਉੱਤੇ ਅਟਕੇ
ਨੀਲ-ਕੰਵਲ ਦੀਆਂ ਪੱਤੀਆਂ ਵਾਂਗੁ
ਸੁੱਕ ਗਈਆਂ ਨੇ।

ਅੱਜ ਤੇਰਿਆਂ ਪੱਤਣਾਂ ਉਤੇ
ਉਗਿਆ ਹੋਇਆ
ਸਿਰ ਤੋਂ ਉਚਾ ਸਰਕੰਡਾ ਹੈ।
ਤੂੰ ਨਿਰੰਤਰ ਵਗਦੀ ਜਾਵੇਂ
ਕੁੱਖ ਆਪਣੀ ਵਿਚ
ਕਿਸੇ ਨਜਾਇਜ਼ ਬੱਚੇ ਵਰਗਾ ਪਾਣੀ ਸਾਂਭੀ,
ਅੱਜ ਅਜਨਬੀ
ਤੇਰੇ ਇੱਕ ਕੰਢੇ ਤੋਂ ਦੂਜਾ ਕੰਢਾ ਹੈ।

ਵੰਡੀ ਨਦੀਏ,
ਤੇਰਾ ਕਸ਼ਟ ਨਿਵਾਰਨ ਖਾਤਰ
ਕਦੋਂ ਛੁਹਣਗੇ ਪਾਣੀ ਤੇਰਾ
ਕਦਮ ਕਿਸੇ ਅਵਤਾਰ ਦੇ ?

ਕੁਝ ਪਤਾ ਨਹੀਂ
ਕਦੋਂ ਸਾਂਝੇ ਹੋਣਗੇ
ਦੁੱਖ ਤੇਰੇ ਇਸ ਪਾਰ
ਤੇ ਉਸ ਪਾਰ ਦੇ।

*****

## ਨਜ਼ੀਰਾਂ

ਅੱਜ ਮੈਂ ਤੀਹਾਂ ਵਰ੍ਹਿਆਂ ਪਿਛੋਂ,
ਪਿੰਡ ਤੇਰੇ ਦੀ ਜੂਹ ਚੋਂ ਲੰਘਿਆ;
ਈਕਣ ਲੱਗਾ
ਜਿਵੇਂ ਅਚਾਨਕ
ਬੀਤੇ ਦੀ ਬੁੱਕਲ ਵਿਚ ਸੁੱਤੀਆਂ
ਯਾਦਾਂ ਦਾ ਬੇ-ਰੋਕ ਕਾਫਲਾ
ਨਿੱਸਲ ਜੇਹੀ ਰੂਹ ਚੋਂ ਲੰਘਿਆ।

ਇੱਕ ਤਿਹਾਈ ਸਦੀ ਦਿਆਂ ਪੈਰਾਂ ਦੀ ਧੂੜ
ਢਕ ਚੁੱਕੀ ਹੈ
ਪਿੰਡ ਤੇਰੇ ਦਾ ਚਿਹਨ ਚੱਕਰ;
ਪਰ ਬਦਲੇ ਮਾਹੌਲ ਵਿਚ ਵੀ
ਤੇਰੇ ਭੋਲੇ ਬਚਪਨ ਦਾ
ਪੀੜਾਂ ਭਰਿਆ ਅਫ਼ਸਾਨਾ
ਮੂਕ-ਸ੍ਵਰ ਵਿਚ ਬੋਲ ਰਿਹਾ ਹੈ,
ਲੱਕ ਲੱਕ ਉੱਚੀ
ਫਸਲ ਚੋਂ ਲੰਘਦੀ ਵਾ ਦੀ ਖੜ ਖੜ
ਅਜੇ ਤੀਕ ਵੀ ਈਕਣ ਜਾਪੇ
ਜਿਵੇਂ ਕੋਈ
ਇਤਿਹਾਸ ਦੇ ਪੰਨੇ
ਪਿਛਲੇ ਦਾ ਨੂੰ ਖੋਲ੍ਹ ਰਿਹਾ ਹੈ।

ਨੈਣਾਂ ਦੇ ਧੁੰਦਲੇ ਸ਼ੀਸ਼ੇ ਚੋਂ
ਹੌਲੀ ਹੌਲੀ ਲੰਘ ਰਹੀਆਂ ਨੇ

ਬੀਤੇ ਵਕਤ ਦੀਆਂ ਬਰਾਤਾਂ;
ਉਨੀ ਸੌ ਸੰਤਾਲੀ ਦੇ
ਨਵੀਂ ਨਵੀਂ ਸਵਤੰਤਰਤਾ ਦੇ ਸਾਲੂ ਕੱਜੇ
ਦਿਵਸ ਧੁਆਂਖੇ, ਰੱਤੀਆਂ ਰਾਤਾਂ।

ਕੋਈ ਪਰਾਇਆ ਜਾਣ ਲੱਗਿਆ
ਚਿੱਟੇ ਕੋਰੇ ਕਾਗਜ਼ ਉਤੇ
ਤੇਰ-ਮੇਰ ਦੀਆਂ
ਕੱਢ ਚੰਦਰੀਆਂ ਚਾਰ ਲਕੀਰਾਂ ;
ਸੁੱਤੇ ਜਲ ਦੇ ਕੁੰਡ ਵਿਚ ਪੱਥਰ ਮਾਰ ਗਿਆ,
ਸਦੀਆਂ ਤੋਂ ਸੁੱਖਾਂ ਵਿਚ ਵਸਦਾ
ਸਾਂਝਾ ਵਿਹੜਾ
ਕਰ ਗਿਆ ਲੀਰਾਂ ਲੀਰਾਂ।

ਤੇ ਫਿਰ ਇਕ ਦਿਨ
ਸ਼ੈਤਾਨੀ ਦੀ ਕਾਲੀ ਨ੍ਹੇਰੀ
ਤੇਰੇ ਪਿੰਡ ਕਰੀਹੇ ਆਈ ;
ਖੱਪਰ ਚੁੱਕੇ ਭੂਤਨਿਆਂ ਨੇ
ਪਹਿਨੇ ਹਾਰ ਮਾਸੂਮ ਸਿਰਾਂ ਦੇ
ਮਾਰ ਸਿਰਾਂ ਤੇ ਝੁੰਬ ਧਰਮ ਦੇ
ਭੂਤਾਂ ਵਾਲੀ ਖੇਡ ਰਚਾਈ।

ਇਸ ਝੱਖੜ
ਬਸ ਕੁੱਝ ਪਲਾਂ ਵਿਚ
ਤੇਰੇ ਘਰ ਦੀ,
ਇੱਕ ਇੱਕ ਕਰਕੇ
ਹਰ ਇੱਕ ਜਗਦੀ ਜੋਤ ਬੁਝਾਈ ;
ਘੁੱਪ ਹਨੇਰੇ ਚੌਗਿਰਦੇ ਚੋਂ

ਬਚੀ ਖੁਚੀ ਇਕ ਜਿਓਤੀ,
ਭੋਲੀ ਤੇ ਮਾਸੂਮ ਜਿਹੀ
ਡੌਰੀ ਡੌਰੀ, ਸਹਿਮੀ ਸਹਿਮੀ
ਕੰਬਦੀ ਕੰਬਦੀ
ਬਾਰਾਂ ਵਰ੍ਹਿਆ ਦੀ ਉਮਰ ਹੀ
ਸੈਂਕੜਿਆਂ ਸਾਲਾਂ ਦੀਆਂ ਸੂਲਾਂ
ਝੋਲੀ ਪਾਈ,
ਜਗਦੀ ਬੁੱਝਦੀ
ਤੂੰ ਸੈਂ ਸਾਡੇ ਘਰ ਵਿਚ ਆਈ।

ਉਸ ਦੇ ਪਿੱਛੋਂ
ਇਕ ਵਰ੍ਹੇ ਦਾ ਜੀਵਨ ਸਾਡਾ
ਈਕਣ ਜਾਪੇ,
ਵਿਚ ਖਲਾਅ ਦੇ
ਜਿਵੇਂ ਲਟਕਿਆ ਸੂਰਜ ਹੋਏ ਗ੍ਰਸਿਆ ਹੋਇਆ,
ਸਮੇਂ ਦਿਆਂ ਜ਼ਹਿਰੀ ਨਾਗਾਂ ਦਾ ਡਸਿਆ ਹੋਇਆ।

ਉਹਨਾਂ ਚਹੁੰ ਰੁੱਤਾਂ ਦੀ ਪੂੰਜੀ
ਵੇਲੇ ਦੀ ਕਿੱਲੀ ਤੇ ਟੰਗੇ
ਅੱਧੋਰਾਣੇ ਵਸਤਰ ਜੇਹੀਆਂ ਯਾਦਾਂ ਨੇ,
ਯਾਦਾਂ ਜੋ ਕੋਹੇ ਬਚਪਨ ਦਾ ਹੌਕਾ ਨੇ,
ਇਨਸਾਨਾਂ ਦੇ ਸਿਤਮ ਸਤਾਈਆਂ
ਅਥਰੂਆਂ ਦੇ ਬੋਲੀਂ ਡੁੱਬੀਆਂ
ਡੁਸਕਦੀਆਂ ਫਰਿਆਦਾਂ ਨੇ।

ਭੂਤਕਾਲ ਦੀ ਸਮ੍ਰਿਤੀ ਵਿਚ ਅੱਧ ਗੁਆਚੇ
ਖੰਨੀ ਖੰਨੀ ਸੁਪਨੇ ਦੇ

ਉਲਝੇ ਟੁਕੜੇ ਜੋੜ ਜੋੜ ਕੇ ਵੇਖ ਰਿਹਾ ਹਾਂ।

... ... ...

ਕਈ ਦਿਨਾਂ ਤੋਂ
ਮੀਂਹ ਨੇ ਅੱਖ ਨਹੀਂ ਪੁੱਟੀ,
ਤੇਰੇ ਨੈਣਾਂ ਚੋਂ ਵਗਦੇ
ਰਾਵੀ ਤੇ ਝਨਾਂ ਦੇ ਵਹਿਣ ਸੁੱਕ ਗਏ ਨੇ।

ਖੁਸ਼ਕ ਪੱਥਰਾਈਆਂ ਨਜ਼ਰਾਂ ਵਿਚ
ਬਿਖਰ ਗਈ ਹੈ ਕੱਕੀ ਰੇਤ
ਅਥਾਹ ਅਨੰਤ ਡੂੰਘਾਣਾਂ ਤੀਕ ;
ਬੱਦਲ ਵਰ੍ਹੀ ਜਾਂਦੇ ਨੇ,
ਤੇਰੇ ਹਟਕੋਰਿਆਂ ਨੇ
ਨਾ ਰੁਕਣ ਦੀ ਕਸਮ ਖਾਧੀ ਹੈ।

... ...

ਧਰਮ ਦੇ ਰਾਖਿਆਂ ਦਾ ਇਕ ਟੋਲਾ
ਪਿੰਡ ਦੀ ਫਿਰਨੀ ਤੋਂ ਲੰਘਿਆ ਹੈ
ਕਿਸੇ ਨੱਗਰ ਨੂੰ "ਸੋਧਣ" ਲਈ;
ਜੈਕਾਰਾ ਗੂੰਜਿਆ ਹੈ,
ਤੂੰ ਤਿੱਖੀ ਚੀਕ ਮਾਰੀ ਹੈ
ਤੇ ਟੁੱਟੇ ਟਾਹਣ ਜਿਉਂ
ਬੇ-ਹੋਸ਼ ਹੋ ਕੇ ਡਿੱਗ ਪਦੀ ਹੈ।

... ...

ਤੇਰੀ "ਸ਼ੁੱਧੀ" ਲਈ
ਮੇਰੀ ਤਾਈ ਨੇ
ਤੈਨੂੰ ਗੰਗਾ-ਜਲ ਪਿਆਇਆ ਹੈ,
ਮੈਂ ਪਹਿਲੀ ਵਾਰ ਤੱਕਿਆ ਹੈ
ਕਿ ਤੁਪਕਾ ਇੱਕ ਪਾਣੀ ਦਾ

ਧਰਮ ਨੂੰ ਬਦਲ ਦਿੰਦਾ ਹੈ।

... ...

ਸਮਾਂ ਕੁਝ ਅਗਾਂਹ ਤੁਰਿਆ ਹੈ
ਅਸੀਂ ਦੋਵੇਂ ਕਿਸੇ ਗੱਲ ਤੇ ਬਹਿਸਦੇ ਹਾਂ
ਤੂੰ ਅਨਭੋਲ ਜੇਹੇ ਆਖਿਆ ਹੈ
"ਸੌਂਹ ਅੱਲਾ ਦੀ
ਨਹੀਂ ਸੱਚ, ਸੌਂਹ ਗੁਰੂ ਦੀ"
ਤੂੰ ਸ਼ਾਇਦ ਸਮਝਦੀ ਹੈਂ
ਅੱਲਾ ਹੱਦੋਂ ਪਾਰ ਜਾ ਕੇ ਵਸ ਗਿਆ ਹੈ।

... ...

ਕਣਕਾਂ ਨੇ ਧਰਤੀ ਦੇ ਸਾਰੇ ਦਾਗ ਢੱਕ ਲਏ ਨੇ,
ਖੇਤਾਂ ਨੂੰ ਜਾਂਦਿਆਂ
ਕਮਾਦ ਵਿਚ ਹੋਏ ਖੜਾਕ ਤੋਂ
ਮੈਂ ਡਰ ਗਿਆ ਹਾਂ,
ਤੂੰ ਆਖਿਆ ਹੈ
"ਕਿਉਂ ਡਰਦਾ ਦੇ ਵੀਰ ?
ਹੁਣ ਕੋਈ ਕਮਾਦਾਂ ਵਿਚ ਨਹੀਂ ਲੁਕਦਾ।"

... ... ...

ਕਣਕਾਂ ਰੰਗ ਵਟਾ ਰਹੀਆਂ ਨੇ
ਤੂੰ ਧ੍ਰੇਕੇ ਦੀ ਛਾਵੇਂ ਬੈਠੀ ਕੱਤਦੀ ਏਂ
ਤੇ ਹੌਲੀ ਹੌਲੀ ਗਾਉਂਦੀ ਏਂ।

ਮੈਂ ਪੁੱਛਿਆ ਹੈ,
"ਨਜ਼ੀਰਾਂ, ਕੀ ਗਾਉਂਦੀ ਏਂ ?"

ਤੂੰ ਕਿਹਾ ਹੈ,

"ਤੇਰੇ ਵਿਆਹ ਤੇ ਉੱਚਾ ਗਾਕੇ ਦੱਸਾਂਗੀ।"

... ... ...

ਭਰ ਗਰਮੀ ਦੀ ਰੁੱਤ ਹੈ
ਸੂਰਜ ਦਿਨ ਭਰ ਅੱਗ ਵਰ੍ਹਾ ਕੇ
ਪੱਛਮ ਦੇ ਵਿਚ ਸੜ ਮੋਇਆ ਹੈ,
ਤਪਦੇ ਤਾਂਬੇ ਵਰਗਾ ਹੈ ਲਹਿੰਦਾ ਆਕਾਸ਼,
ਸਾਡਾ ਵਿਹੜਾ,
ਲਾਲ ਪੱਗਾਂ ਨਾਲ ਅਚਾਨਕ ਭਰ ਗਿਆ ਹੈ,
"ਲੰਬੜਦਾਰਾ ਤੇਰੇ ਘਰ ਪਠਾਣ ਕੁੜੀ ਹੈ।"

ਤੂੰ ਚੌਂਕੇ ਤੋਂ ਉਠਕੇ ਬਾਹਰ ਆਈ ਹੈਂ
"ਹਾਏ ਤਾਇਆ, ਮੈਂ ਨਹੀਂ ਜਾਣਾ,"
ਤੂੰ ਡਡਿਆ ਕੇ ਬੋਲੀ ਹੈਂ।
ਤੇਰੇ ਹੱਥੋਂ ਆਟੇ ਦੀ ਥਾਲੀ ਡਿੱਗ ਪਈ ਹੈ
ਚਿੱਟਾ ਆਟਾ ਵਿਹੜੇ ਦੇ ਵਿਚ ਖਿੰਡ ਗਿਆ ਹੈ।

... ... ...

ਤੁਰਨ ਲੱਗਿਆ
ਹਸਰਤ ਭਰੀਆਂ ਨਜ਼ਰਾਂ ਨਾਲ
ਤੂੰ ਉਸ ਘਰ ਵਲ ਤੱਕਿਆ ਹੈ
ਇਕ ਵਰ੍ਹਾ ਜੋ ਤੇਰਾ ਘਰ ਸੀ।
ਤੇਰੇ ਨੈਣਾਂ ਵਿਚ ਕੋਈ ਹੰਝੂ ਨਹੀਂ ਸਿਮਿਆਂ,
ਉਨ੍ਹਾਂ ਵਿਚ ਤਾਂ ਫਿਰ ਇਕ ਵਾਰ
ਫੈਲ ਗਈ ਹੈ ਕੱਕੀ ਰੇਤ।

ਸਕਤੇ ਦੀ ਹਾਲਤ ਵਿਚ ਤੂੰ
ਪੁਲਸ-ਬੱਸ ਵਿਚ ਬੈਠ ਗਈ ਏ,

ਧੂੜ ਉਡਾਉਂਦੀ ਬੱਸ ਤੈਨੂੰ ਲੈ ਤੁਰ ਗਈ ਹੈ,
ਲਹਿੰਦੇ ਵੱਲ, ਸਰਹੱਦੋਂ ਪਾਰ।
ਪੱਛਮ ਦੇ ਪਰਛਾਵੇਂ ਦੇ ਵਿਚ ਗੁੰਮ ਗਿਆ ਹੈ
ਹੌਲੀ ਹੌਲੀ ਗਰਦ ਗੁਬਾਰ।

ਪਤਾ ਨਹੀਂ ਅੱਜ ਹੱਦੋਂ ਪਾਰ
ਕਿਥੇ ਏ ਤੂੰ?
ਕਿਸ ਹਾਲ ਵਿਚ, ਕੀ ਕਰਦੀ ਏ ?
ਮਨ ਕਹਿੰਦਾ ਏ, ਮਾਂ ਹੋਵੇਂਗੀ।
ਬਾਲੀ ਉਮਰੇ
ਅੱਗ ਦੇ ਵਸਤਰ ਪਾ ਚੁੱਕੀ ਏਂ
ਸੜਦੀ ਧੁੱਪ ਹੰਢਾ ਚੁੱਕੀ ਏਂ
ਹਰ ਬਚਪਨ ਦੀ ਛਾਂ ਹੋਵੇਂਗੀ।

ਮੇਰੇ ਵਿਹੜੇ ਵੀ ਅੱਜ ਬੱਚੇ ਖੇਡ ਰਹੇ ਨੇ;
ਇਸੇ ਲਈ
ਜਦੋਂ ਕਦੇ ਕੋਈ ਕੌਮ-ਪੁਜਾਰੀ
ਵਰਤ ਵਿਸ਼ੇਸ਼ਣ ਵੱਡੇ ਵੱਡੇ
ਜਿੱਤ ਹਾਰ ਦੀ ਗੱਲ ਕਰਦਾ ਹੈ,
ਡਰ ਜਾਂਦਾ ਹਾਂ,
ਜ਼ਹਿਰਾਂ ਭਿੱਜੀ ਤੇਜ਼ ਹਵਾ ਦਾ ਕੋਈ ਬੁੱਲਾ
ਠੂਹਾਂ ਬਣਕੇ
ਚਾਨਣ ਦੀ ਕੋਮਲ ਕਾਇਆਂ ਵਿਚ
ਪੀੜ-ਸਿਆਹੀ ਘੋਲ ਨਾ ਦੇਵੇ।

ਡੂੰਗ ਲਵੇ ਨਾ ਕਿਤੇ ਅਸਾਡੇ ਬੱਚਿਆਂ ਦੇ
ਕੱਚੀਆਂ ਲਗਰਾਂ ਜੇਹੇ ਬਚਪਨ,

ਨਿਰਛੋਹ ਮਹਿਕਾਂ ਦੇ ਸਾਹਾਂ ਨੂੰ
ਰੋਹੀਆਂ ਦੇ ਵਿਚ ਰੇਲ ਨਾ ਦੇਵੇ।
ਤੇਰੀਆਂ ਪੀੜਾਂ ਦਾ ਅਫਸਾਨਾਂ
ਮੁੜ ਕੋਈ ਦੁਹਰਾਏ ਨਾ।
ਕੋਈ ਆਹੂਤੀ ਮਾਸੂਮਾਂ ਦੇ ਹਾਸੇ ਦੀ,
ਤੇਰ ਮੇਰ ਦੇ
ਹਵਨ-ਕੁੰਡ ਵਿਚ ਪਾਵੇ ਨਾ।
ਅੱਜ ਮੈਂ ਤੀਹਾਂ ਵਰ੍ਹਿਆਂ ਪਿਛੋਂ ਪਿੰਡ ਤੇਰੇ ਦੀ ਜੂਹ ਚੋਂ ਲੰਘਿਆ।
ਪਿੰਡ ਤੇਰੇ ਦੀ ਜੂਹ ਚੋਂ ਲੰਘਿਆ।

*****

## ਵਿਦਿਆਸਰ

ਪੂਰਬ ਦਿਆਂ ਪਹਾੜਾਂ ਉਹਲੇ
ਫੈਲ ਰਿਹਾ ਏ ਹੌਲੀ ਹੌਲੀ
ਸਰਘੀ ਦਾ ਸੰਧੂਰ।
ਸਾਵੇ ਨੀਲੇ
ਪਰਬਤ-ਚੱਕ੍ਰ ਦੇ ਵਿਕਕਾਰ,
ਮੁੰਦਰੀ ਵਿਚ ਨਗੀਨੇ ਵਾਕੁਣ
ਸਜੀ ਹੋਈ ਹੈ
ਨਿੱਕੀ ਜਿਹੀ ਇਕ ਸੁੰਦਰ ਵਾਦੀ
ਜੀਕਣ ਸੱਜ ਵਿਆਹੀ ਨਾਰ।

ਸਹਿਜੇ ਸ਼ਹਿਜੇ ਧੜਕਣ ਵਾਲੀ
ਖ਼ਾਮੋਸ਼ੀ ਏ ਚੌਂਹੀ ਪਾਸੀਂ
ਖ਼ਾਮੋਸ਼ੀ ਜੋ ਬੋਲਣ ਬੋਲਣ ਕਰਦੀ ਹੈ।

ਅਲੜ੍ਹ ਜਮਨਾ ਜੋਬਨ-ਮੱਤੀ,
ਨੱਚਦੀ ਗਾਉਂਦੀ ਸ਼ੋਰ ਮਚਾਉਂਦੀ
ਜਾਦੂ ਰੰਗੀ ਧਰਤੀ ਦੇ
ਟੋਟੇ ਦੇ ਪੈਰਾਂ ਨੂੰ ਛੂਹ ਕੇ
ਦੱਬੇ ਪੈਰੀਂ ਲੰਘ ਚੱਲੀ ਏ;

ਜੀਕਣ ਰਤੀ
ਸ਼ਿਵ-ਨੇਤ੍ਰ ਦੇ ਤੇਜ ਤੋਂ ਡਰਦੀ
ਹੌਲੀ ਹੌਲੀ ਤੁਰਦੀ ਹੋਵੇ।
ਪਹੁ ਫੁਟਾਲੇ ਦੀ ਖਾਮੋਸ਼ੀ

ਅੱਖਾਂ ਖੋਲ੍ਹਣ ਲੱਗੀ ਹੈ।
ਸਰਘੀ ਪੋਲੇ ਪੈਰੀ ਤੁਰਦੀ
ਜਮਨਾ ਦੇ ਕੰਢੇ ਤੇ ਜਾਪੇ, ਲੀੜੇ ਲਾਹੁੰਦੀ
ਖਾਮੋਸ਼ੀ ਸੰਗ ਮੂੰਹ-ਹੱਥ ਧੋਂਦੀ।
ਧੁੰਦ ਜਹੀ ਵਿਚ ਕੁੱਝ ਪਰਛਾਵੇਂ
ਇਕ ਦੂਜੇ ਵਿਚ ਗੁਥਮ-ਗੁੱਥਾ
ਮੰਦ ਮੰਦ ਆਵਾਜ਼ਾਂ ਦੇ ਵਿਚ
ਬ੍ਰਹਮ ਸਿਧਾਂਤ ਦੇ ਕੋਈ
ਗੂੜ੍ਹੇ ਪ੍ਰਸ਼ਨ ਉਠਾਵੇ,
ਸ਼ੁਭ ਕਰਮਣ ਦਾ ਕੋਈ ਪੁਜਾਰੀ
ਸੈਨਾਪਤ, ਸੁਖਦੇਵ ਹੰਸ
ਜਾਂ ਧੰਨਾ ਘਾਹੀ
ਕਰ ਵਿਆਖਿਆ ਅਰਥ ਸੁਣਾਵੇ।
ਕੁਹਰੇ ਦੇ ਵਿਚ ਇਕਲਵਾਂਸੇ
ਈਕਣ ਜਾਪੇ
ਜੀਕੁਣ ਕੋਈ ਰਾਜ ਤਪੱਸਵੀ
ਵੇਖਣ ਆਇਆ ਜਗਤ ਤਮਾਸ਼ਾ
ਵਿਸਮਾਦ ਵਿਚ ਲਿਵਲੀਨ ਲਬਾਂ ਤੋਂ
ਮਹਾਕਾਲ ਦੀ ਉਸਤਤ ਕਰਦਾ
"ਤੂੰ ਹੀ" 'ਤੂੰ ਹੀ' ਆਖ ਰਿਹਾ ਹੈ।
ਚੌਗਿਰਦੇ ਵਿਚ
ਕਿਸੇ ਅਲੋਕਿਕ ਮੂਕ-ਸ੍ਵਰ ਦੀ
ਗੂੰਜ ਜਿਹੀ ਹੈ।

ਚੜ੍ਹਦੇ ਸੂਰਜ
ਪਰਬਤ ਦੇ ਮੋਢੇ ਦੇ ਉੱਤੋਂ
ਵਾਦੀ ਵਿਚ ਝਾਤੀ ਮਾਰੀ ਹੈ।
ਕੱਚੀਆਂ ਲਗਰਾਂ ਜੇਹੀਆਂ ਰਿਸ਼ਮਾਂ
ਪਿਘਲੇ ਹੋਏ ਸੋਨੇ ਵਾਕੁਣ

ਵਾਦੀ ਦੇ ਵਿਚ ਡੁਲ ਗਈਆਂ ਨੇ।

ਧੁੰਦ ਦੇ ਗਹਿਰੇ ਪਰਦੇ ਵਿਚੋਂ
ਕੰਵਲ-ਫੁੱਲ ਚੋਂ ਜਿਉਂ ਸਰਸ੍ਵਤੀ
ਜਾਗ ਰਹੀ ਏ
ਜਮਨਾ ਦੀ ਨਿਰਮਲ ਜਲਧਾਰਾ।
ਵਿਦਿਆਸਰ ਦੀਆਂ ਸ਼ੀਸ਼ ਮਹੱਲੀ ਦੀਵਾਰਾਂ ਤੋਂ
ਤਿਲ੍ਹਕ ਤਿਲ੍ਹਕ ਕੇ ਜਾਂਦੀਆਂ ਕਿਰਨਾਂ
ਇੰਦਰ ਧਨੁਸ਼ ਦੇ ਰੰਗ ਵਾਲੀਆਂ
ਪਾ ਕੇ ਪੀਂਘਾਂ
ਜਲ ਵਿਚ ਖੇਡਣ ਲੱਗ ਪਈਆਂ ਨੇ।

ਭਰੇ ਭਰੇ ਚੌਗਿਰਦੇ ਵਿਚ
ਖਾਲੀ ਖਾਲੀ
ਸੱਖਣਾ ਸੱਖਣਾ ਵਿਦਿਆਸਰ।

ਵਿਦਿਆਸਰ ;

ਜੋ 'ਜੈ ਤੇਗਮ' ਦੀ ਕਾਵਿ ਪ੍ਰਤਿਭਾ,
ਸ਼ਕਤੀ ਸਾਹਿਤ ਦੇ ਉਸੱਰਈਏ
ਬਾਵਨ ਕਵੀਆਂ ਦੀ ਸਮ੍ਰਿਤੀ ਦਾ ਸੂਚਕ ਹੈ,
ਨਵੀਆਂ ਵਾਟਾਂ ਦਾ ਪ੍ਰਦਰਸ਼ਕ ਬਣਨ ਦੀਆਂ
ਆਸ਼ਾਵਾਂ ਨੂੰ ਸੀਨੇ ਲਾਈ,
ਸ਼ਕਤੀ ਦਾ ਭੰਡਾਰ ਛੁਪਾਈ,
ਝੋਲੀ ਦੇ ਵਿਚ
ਇੱਕ ਅਸੀਮਤ ਸੇਕ ਲੁਕਾਈ
ਧੁੱਪਾਂ ਕੋਲੋਂ ਬੇ-ਮੁੱਖ ਹੋਏ
ਪਹਿਲਗਾਮ ਦੀਆਂ ਜੂਹਾਂ ਦੇ ਵਿਚ
ਵਿਚਰਨ ਵਾਲੇ

ਬੁੱਧੀਜੀਵੀ ਇਨਸਾਨਾਂ ਨੂੰ
ਸੱਧਰਾਂ ਨਾਲ ਉਡੀਕ ਰਿਹਾ ਹੈ।
ਹਸਰਤ ਭਰਿਆ,
ਖਾਲੀ ਖਾਲੀ,
ਸੁੰਞਾ ਸੰਞਾ।

****

# ਰੋਗੀ

ਕਈ ਵਾਰ ਤ੍ਰਿਕਾਲਾਂ ਵੇਲੇ
ਮੱਧ-ਮਾਰਗ ਤੇ ਸੈਰ ਕਰਦਿਆਂ
ਸ਼ੋ-ਰੂਮਾਂ ਦੇ
ਖੁਲ੍ਹੇ ਆਂਗਣ ਦੇ ਵਿਚ ਬੈਠੇ,
ਸੁੰਞੀਆਂ ਸ਼ਾਮਾਂ ਨੂੰ ਪਰਚਾਉਂਦੇ,
ਗੀਤਾਂ ਦੇ ਸੰਸਾਰ 'ਚ ਗੁੰਮੇ
ਪੂਰਬੀਏ ਮਜ਼ਦੂਰ ਦੇਖ ਕੇ
ਤੂੰ ਅਕਸਰ ਕਹਿੰਦੀ ਏਂ ਸਜਣੀ,
"ਕਿੰਨੇ ਖੁਸ਼ ਨੇ ਐਸੇ ਲੋਕ
ਨਾ ਏਥੇ ਕੋਈ ਖਿਚੋਤਾਣ
ਮਨ ਦੇ ਰੋਗਾਂ ਤੋਂ ਅਣਜਾਣ !"

ਮੇਰੀਏ ਜਿੰਦੇ, ਆਪਾਂ ਏਹਨਾਂ
ਚਹੁੰ ਛਿੱਲੜਾਂ ਲਈ
ਦੇਸ਼ ਵਿਚ ਪ੍ਰਦੇਸੀ ਹੋਏ
ਲੋਕਾਂ ਦੇ;
ਆਪ-ਮੁਹਾਰੇ ਗੀਤ ਸੁਣੇ ਨੇ;
ਗੀਤਾਂ ਦੀ ਅਲਮਤ ਤਾਲ ਵਿਚ ਗੁੰਦੀ ਹੋਈ
ਮੰਦਹਾਲੀ ਦੀ ਕੁੱਖੋਂ ਜਨਮੀ
ਸੂਤਕ ਪੀੜਾਂ ਦੀ ਤੀਖਣਤਾ
ਸਾਡੇ ਲਈ ਬੰਗਾਨੀ ਹੈ।

ਸਰਮਾਏ ਦੇ ਹਵਨ ਕੁੰਡ ਵਿਚ
ਜੁੱਸੇ ਸਾੜ ਬਿਭੂਤੀ ਹੋਏ

ਇਹ ਮਿਹਨਤਕਸ਼ ਸਿੱਧੇ ਪੱਧਰੇ-
ਨਿਰਛਲ ਲੋਕ,
ਸਾਡੇ ਵਾਂਗ ਮਰੀਜ਼ ਨਹੀਂ ਹਨ।

ਇਹ ਜੀਵਨ ਦੀ ਹਰ ਤਲਖੀ ਨੂੰ
ਗੀਤਾਂ ਵਿਚ ਲੁਕਾ ਲੈਂਦੇ ਨੇ
ਹਰ ਵੇਦਨ ਨੂੰ
ਲੋਰੀ ਦੇ ਪਰਚਾ ਲੈਂਦੇ ਨੇ।

ਰੋਗ ਤੇ ਸਾਡਾ-ਕੇਵਲ ਸਾਡਾ
ਆਪ ਸਿਰਜੀਆਂ ਪੀੜਾਂ ਵਿਚੋਂ
ਲੱਜ਼ਤ ਦੇ ਚਾਹਵਾਨਾਂ ਦਾ ਵਿਰਸਾ ਹੈ।
ਖ਼ੁਦਗਰਜ਼ੀ ਦੇ ਗਰਮ ਘਰਾਂ ਵਿਚ
ਪਤਾ ਨਹੀਂ ਕਿੰਨੇ ਰੋਗਾਂ ਦੇ ਜਰਮ ਚੰਦਰੇ
ਅਸੀਂ ਨਿੱਤ ਉਪਜਾਉਂਦੇ ਹਾਂ।

ਹਮਦਰਦੀ ਦੇ ਫੌਕੇ ਦਾਅਵੇ
ਕਪਟੀ ਰਾਹਾਂ, ਕੂੜ ਕਮਾਈਆਂ
ਰੋਗੀ ਸੋਚਾਂ, ਕਾਲਖ ਬਣ ਕੇ
ਸਾਡੇ ਅਰਸ਼ਾਂ ਉੱਤੇ ਛਾਈਆਂ।

ਅਸੀਂ ਸਿਆਣੇ ਸਭਿਅ ਲੋਕ
ਜੁੱਸੇ ਦੇ ਬਿਮਾਰ ਹੀ ਨਹੀਂ
ਰੂਹਾਂ ਦੇ ਵੀ ਰੋਗੀ ਹਾਂ।
ਕਿਹੜਾ ਗੀਤ ਮਸੀਹਾ ਬਣਕੇ
ਸਾਡੇ ਰੋਗ ਨਿਵਾਰੇਗਾ ?

*****

## ਬੇ-ਗੈਰਤ

ਮੈਂ ਸੁਣਿਆ ਹੈ ਸਮਾਂ ਸਦਾ ਹੀ
ਆਪਣਾ ਆਪ ਦੁਹਰਾਉਂਦਾ ਹੈ,
ਸਮੇਂ ਸਮੇਂ ਸਿਰ ਭੇਸ ਵਟਾਕੇ
ਪੁੱਠੇ ਪੈਰੀਂ ਆਉਂਦਾ ਹੈ।

ਕੁਝ ਯੁੱਗਾਂ ਦੀ ਗੱਲ ਪੁਰਾਣੀ
ਦੇਵਤਿਆਂ ਦੀ ਇਕ ਕਹਾਣੀ
ਇਕ ਰਾਜੇ ਨੇ—
ਆਪਣੀ ਆਤਮ ਤ੍ਰਿਪਤੀ ਖਾਤਰ,
ਗੌਤਮ ਉੱਤੇ ਵਾਰ ਕਰਨ ਲਈ
ਇਕ ਨਿਗੂਣੇ ਚੰਦਰਮਾਂ ਨੂੰ
ਮਿੱਤਰਤਾ ਦਾ ਇੰਦਰਜਾਲ ਬਣਾਕੇ ਫਾਹਿਆ
ਧੱਬਾ ਆਪਣੇ ਕੋਝੇ ਕੋਝੇ ਕਰਮਾਂ ਦਾ
ਉਸ ਭੋਲੇ ਦੇ ਮੱਥੇ ਲਾਇਆ।

ਮਿੱਤਰਤਾ ਦੇ ਬੰਧਨ ਦੇ ਵਿਚ ਬੱਧਾ—
ਚੰਦਰਮਾਂ !
ਗੌਤਮ ਦੇ ਪਰਨੇ ਦਾ ਦਾਗ
ਆਪਣੇ ਮਸਤਕ ਉੱਤੇ ਲਾ ਕਲੰਕਿਤ ਹੋਇਆ
ਪੱਗ ਪੱਗ ਝੁਰਿਆ,
ਥਾਂ ਥਾਂ ਰੋਇਆ।

ਏਸ ਸਰਾਪੇ ਚੰਦਰਮਾਂ ਦੇ ਦਾਗਾਂ ਨੂੰ
ਕਿਹੜਾ ਪਾਣੀ

ਅੰਮ੍ਰਿਤ ਬਣਕੇ ਧੋ ਸਕੇਗਾ —?
ਬੇ-ਗ਼ੈਰਤ ਵਰਖਾ ਦਾ ਸੁਆਮੀ
ਇੰਦਰ ਤਾਂ ਸਭ ਭੁੱਲ ਭੁਲਾਕੇ
ਯਾਰਾਨੇ ਸਿਰ ਮਿੱਟੀ ਪਾ ਕੇ
ਦੇਵ-ਲੋਕ ਵਿਚ ਮਸਤ ਮਗਨ ਹੈ ;
ਉਸ ਕੀ ਡਰਨਾ ?
ਉਸ ਕੀ ਮਰਨਾ ?
ਉਸ ਕੀ ਫਾਹੇ ਚੜ੍ਹਨਾ।

*****

# ਸਿੱਕੇ

ਚਿਤਾ ਬਣਾ ਕੇ ਪੱਛਮ ਦੇ ਅੰਗਿਆਰਾਂ ਦੀ
ਪਾ ਝੋਲੀ ਵਿਚ ਟੁੱਟੀਆਂ ਹੋਈਆਂ,
ਕੱਚੀਆਂ ਤੰਦਾਂ
ਕੱਲ੍ਹ ਇਕ ਸ਼ਾਮ ਗ਼ਮਾਂ ਵਿਚ ਸੜ ਗਈ।
ਕਲ੍ਹ ਇਕ ਪ੍ਰੀਤ ਕਵਾਰੀ ਮਰ ਗਈ।

ਮੇਰੇ ਸੱਜਣਾ
ਕਲ੍ਹ ਮੈਂ ਤੇਰੇ ਬੋਲਾਂ ਵਿਚੋਂ
ਸੋਨੇ ਚਾਂਦੀ ਦੇ ਸਿੱਕਿਆਂ ਦੀ
ਵਿਅੰਗਮਈ ਟੁਣਕਾਰ ਸੁਣੀ,
ਇੰਝ ਜਾਪਿਆ
ਜੀਕੂਣ ਕਲ੍ਹ ਫਿਰ ਕੋਈ ਮੁਹੱਬਤ
ਦੇਵ-ਦਾਸੀ ਦਾ ਰੂਪ ਧਾਰ
ਰਤਨ ਜੜੇ ਹੋਏ ਦੇਵ-ਬੁੱਤ ਦੇ
ਚਰਨਾਂ ਦੇ ਵਿਚ ਜਾ ਕੇ ਵਸ ਗਈ।

ਮੈਨੂੰ ਪਤੈ ਕਿ ਤੂੰ ਕਹਿਣਾ ਏ,
“ਕੇਹੀ ਬੋਸੀਦਾ ਗੱਲ ਕੀਤੀ ਏ
ਸਿਉਂਕ ਦੀ ਖਾਧੀ ਪੁਸਤਕ ਵਰਗੀ।"
ਏਸ ਅਖੌਤੀ ਅਫ਼ਸਾਨੇ ਵਿਰ
ਦੁਨੀਆਂ ਤੋਂ ਕੀ ਵਖਰਾ ਏ ?
ਅੱਜ ਦੇ ਯੁੱਗ ਵਿਚ
ਰੋਜ਼ ਹਜਾਰਾਂ ਦੇਵ-ਦਾਸੀਆਂ
ਦੇਵਤਿਆਂ ਨੂੰ ਵਰਦੀਆਂ ਨੇ।

ਹਰ ਇਕ ਚੀਜ਼ ਦੀ ਆਪਣੀ ਥਾਂ ਹੈ।
ਕਾਰ ਕੋਠੀਆਂ ਆਪਣੀ ਥਾਂ ਨੇ
ਪਿਆਰ ਦੇ ਵਾਅਦੇ ਆਪਣੀ ਥਾਂ।
ਕੋਈ ਨਿਰੀ ਮੁਹੱਬਤ ਖਾਤਰ
ਇਕਰਾਰਾਂ ਦੇ ਖੋਖਲਿਆਂ ਅਹਿਸਾਸਾਂ ਉਤੇ
ਕਿੱਥੋਂ ਤੀਕਰ ਜੀ ਸਕਦਾ ਹੈ ?

ਗੁਰਬਤ ਦੇ ਕੱਕਰ ਵਿਚ ਕੱਜੇ
ਵਫ਼ਾ ਪਿਆਰ ਤੇ ਹਮਦਰਦੀ ਦੇ
ਨਾਜ਼ਕ ਪੌਦੇ
ਸਰਮਾਏ ਦੀ ਸੋਨੇ ਰੰਗੀ ਧੁੱਪ ਬਿਨਾਂ
ਕੁਮਲਾ ਜਾਂਦੇ ਨੇ।

ਚੰਗਾ ਕੀਤਾ ਕਿ ਤੂੰ ਸਜਣਾ,
ਬੋਹਲ ਕੁਆਰੀਆਂ ਸਾਂਝਾਂ ਦਾ
ਮਿੱਟੀ ਦੇ ਵਿਚ ਰੋਲਣ ਦੀ ਥਾਂ
ਸਰਮਾਏ ਦੀ ਤੱਕੜੀ ਦੇ ਵਿਚ ਤੋਲ ਲਿਆ।
ਸੋਚ ਰਿਹਾ ਹਾਂ
ਕਿ ਇਹ ਸਿੱਕੇ
ਵਸਦੇ ਰਸਦੇ ਇਨਸਾਨਾਂ ਤੋਂ ਚੰਗੇ ਨੇ।
ਮੁੱਲ ਲੈਂਦੇ ਨੇ
ਮੁੱਲ ਨਾ ਵਿਕਦੇ,
ਆਪਣੀ ਨਿਸਚਿਤ ਕੀਮਤ ਦੇ ਵਿਚ
ਨਿੱਤ ਪਰਿਵਰਤਨ ਕਦੇ ਨਾ ਕਰਦੇ।

ਇਨਸਾਨਾਂ ਜਿਉਂ ਨਿੱਤ ਨਾ ਮਰਦੇ।
ਏਨਾਂ ਬਾਝੋਂ
ਆਪ ਆਪਣੇ ਸੇਕ 'ਚ ਢਲਦੀ

ਮੋਮ-ਬੱਤੀ ਜਿਉਂ
ਪਿਆਰ ਅਸਾਡਾ ਮੁੱਕ ਜਾਣਾ ਸੀ।
ਤੇ ਫਿਰ ਇਕ ਦਿਨ
ਸਾਡੀਆਂ ਸਾਂਝਾਂ ਦੇ ਹੰਸਾਂ ਦਾ
ਮਾਨ ਸਰੋਵਰ ਸੁੱਕ ਜਾਣਾ ਸੀ।
ਟੁੱਟੀਆਂ ਤੰਦਾਂ ਉਤੇ, ਸਜਣਾਂ
ਮਾਤਮ ਕਰਾਂ ?
ਕਿ ਖੁਸ਼ ਹੋਵਾਂ ?

*****

# ਛਾਂ

ਬਿਖੜੇ ਪੈਂਡੇ ਪਈ ਜ਼ਿੰਦਗੀ
ਚਕ੍ਰ-ਵਿਊ ਵਿਚ ਭੌਂਦੀ ਹੋਈ
ਹੰਭ ਚੁੱਕੀ ਸੀ।
ਨੀਲ ਕੰਵਲ ਜਿਹੀ ਕੋਮਲ ਕਾਇਆਂ
ਕਿਸੇ ਹੋਤ ਦਾ ਖੁਰਾ ਭਾਲਦੀ
ਧੁੱਪ ਵਿਚ ਸੜ ਕੇ ਕੋਲਾ ਹੋਈ।
ਤਨਹਾਈ ਦੇ ਮਾਰੂਥਲ ਵਿਚ
ਭਟਕੀ ਹੋਈ ਜਿੰਦ ਮੇਰੀ ਨੂੰ
ਤੇਰੇ ਪੱਲੂ ਦੀ ਪਰਛਾਈਂ
ਨਖਲਿਸਤਾਨ ਦੀ ਕੂਲੀ ਕੂਲੀ
ਛਾਂ ਦਾ ਸੋਮਾ ਜਾਪੀ।

ਮੈਂ ਕੋਈ ਰੱਬੀ ਨੂਰ ਨਹੀਂ ਸਾਂ
ਜਿਹਦੇ ਸੁਆਬੀ ਚਿਹਰੇ ਉੱਤੇ
ਜ਼ਹਿਰੀ ਫਨ ਵੀ ਛਾਂ ਬਣ ਜਾਂਦਾ
ਹੱਕਦਾਰ ਨਹੀਂ ਮੈਂ ਤਲਬਗਾਰ ਸਾਂ।

ਤੇ ਮੈਂ ਤੇਰੀਆਂ
ਬਿਸੀਅਰ ਰੰਗੀਆਂ ਜ਼ੁਲਫ਼ਾਂ ਦੀ
ਏਨੇ ਚਿਰ ਲਈ ਛਾਂ ਮੰਗੀ ਸੀ
ਜਿੰਨੇ ਵਿਚ
ਤਪਦੀ ਰੇਤ ਦੇ ਟਿਬਿਆਂ ਉੱਤੋਂ
ਕਿਸੇ ਗੁਆਚੀ ਬਦਲੀ ਦਾ
ਪਰਛਾਵਾਂ ਲੰਘੇ।

ਪਰ ਤੂੰ ਮੈਨੂੰ, ਮੇਰੇ ਸੱਜਣਾ
ਇਹ ਕਿਹੋ ਜਿਹੀ ਛਾਂ ਦਿੱਤੀ ਹੈ,
ਜਿਸ ਨੇ ਮੇਰਾ ਸਾਰਾ ਆਪਾ

ਮੇਰੇ ਪਿੰਡੇ ਉਤੋਂ ਲਾਹਕੇ
ਕਿਸੇ ਸੁਦਾਗਰ ਵਾਂਗ
ਸੰਦੂਕੇ ਪਾ ਜੰਦਰਾ ਮਾਰ ਲਿਆ ਏ।
ਹੋਂਦ ਮੇਰੀ ਦਾ ਚਾਨਣ ਸਾਰਾ
ਗਿਆ ਗ੍ਰਸਿਆ
ਹਿਜਰ ਤੇਰੇ ਦੇ ਪਰਛਾਵੇਂ ਵਿਚ।

ਚਹੀਂ ਪਾਸੀਂ ਅੰਧਕਾਰ ਹੈ
ਜ਼ਿਹਨ ਵਿਚ ਕੁਹਰਾਮ ਹੈ ਮਚਿਆ,
ਬੇ-ਬਸ ਰੂਹ ਨੂੰ
ਬੇ-ਰੁਖੀ ਦੇ
ਤਿੱਖੇ ਤਿੱਖੇ ਸਿੰਗ ਵੱਜਦੇ ਨੇ।
ਤੂੰਹੀਓ ਦੱਸ ਸੈਂ ਤੇਰੀ ਛਾਂ ਨੂੰ
ਛਾਂ ਆਖਾਂ ?
ਜਾਂ ਜੇਠ ਹਾੜ ਦੀ
ਰੂਹ ਸਾੜਵੀਂ ਧੁੱਪ ਕਹਾਂ ?
ਤੇਰੀ ਛਾਂ ਤੇ
ਬੋੜ੍ਹ ਬਿਰਛ ਦੀ ਸੰਘਣੀ ਛਾਂ ਹੈ
ਜਿਸ ਦੇ ਥੱਲੇ
ਅਵੱਲ ਤਾਂ ਕੁਝ ਉਗ ਨਹੀਂ ਸਕਦਾ
ਉਗ ਪਵੇ ਤਾਂ ਫਲ ਨਹੀਂ ਸਕਦਾ।
ਤੂੰ ਆਪਣੀ ਛਾਂ ਵਾਪਸ ਲੈ ਲੈ
ਮੋੜ ਦੇ ਮੈਨੂੰ
ਮੇਰਾ ਆਪਾ,
ਮੈਂ ਆਪਣਾ ਨੰਗੇਜ ਕੱਜ ਕੇ
ਜ਼ਹਿਰ ਹਿਜਰ ਦਾ ਪੀ ਲਵਾਂਗਾਂ
ਧੁੱਪਾਂ ਵਿਚ ਹੀ ਜੀ ਲਵਾਂਗਾ।

*****

# ਨੈਗੇਟਿਵ

ਜੀਵਨ ਦੇ ਹਰ ਇਕ ਮੋੜ ਤੇ
ਜਿੱਤ ਤੇ ਇਕਰਾਰ ਦੇ
ਪੱਲੂ ਦੇ ਵਿਚ ਚਿਹਰੇ ਛੁਪਾਈ
ਹਾਰ ਤੇ ਇਨਕਾਰ ਦੇ-
ਸੰਕੇਤ ਲੱਭੇ ਨੇ ਸਦਾ।
ਦੁਨੀਆਂ ਵਾਲੇ ਆਖਦੇ :
ਹਾਂ ਤੇ ਨਾਂਹ
ਦੋ ਰੂਪ ਨੇ ਤਸਵੀਰ ਦੇ।
ਪਰ ਅਸਾਡੀ ਸਾਂਝ ਦਾ
ਅਸਲੋਂ ਇੱਕੋ ਰੂਪ ਹੈ ;
ਇਕ ਪਾਸੇ ਲਿਪਟਿਆ
ਇਕਰਾਰ ਦੇ ਸਾਲੂ ਦੇ ਵਿਚ ਇਨਕਾਰ ਹੈ,
ਦੂਜਾ ਪਾਸਾ :
ਸੱਖਣਾ, ਕੋਰਾ, ਸੁਫੈਦ।
ਕਰੇ ਕਾਗਜ਼ ਦੀ ਤਲੀ ਤੇ
ਜੋ ਵੀ ਆਖੇ ਲਿਖ ਦਿਆਂ ਮੈਂ
ਹਾਂ ਵੀ ਲਿਖ ਸਕਦਾ ਹਾਂ ਮੈਂ
ਨਾਂਹ ਵੀ ਲਿਖ ਸਕਦਾ ਹਾਂ ਮੈਂ
ਤੇ ਜਾਂ ਉਹ ਕੁਝ ਜੋ ਹਾਂ ਤੇ ਨਾਂਹ ਦੇ ਵਿਚਕਾਰ
ਤ੍ਰਿਸ਼ੰਕੂ ਦੇ ਵਾਕੁਣ ਭਟਕਦਾ ਏ।
ਸ਼ਾਇਦ ਸਾਡੀ ਸਾਂਝ ਅਜੇ ਤਸਵੀਰ ਨਹੀਂ
ਕੋਈ ਨੈਗੇਟਿਵ ਹੈ
ਜਿਸ ਦੀ ਹਰ ਸ਼ੈ ਉਲਟੀ ਦਿਸੇ :
ਕਾਲਾ ਚਿੱਟਾ-ਚਿੱਟਾ ਕਾਲਾ :

ਅੱਜ ਜਦੋਂ –
ਬੇ-ਪਰਦਾ ਇਕਰਾਰ ਤੇਰਾ
ਮੇਰੇ ਸਾਹਵੇਂ ਆਇਆ ਹੈ,
ਜਿੰਦ ਨਿਮਾਣੀ ਦੁਚਿੱਤੀ ਵਿਚ
ਡੱਕੇ ਡੋਲੇ ਖਾਂਦੀ ਹੈ।
ਸ਼ਾਇਦ ਇਹ ਇਕਰਾਰ ਵੀ ਤੇਰਾ
ਕਿਸੇ ਨਵੀਂ ਤਸਵੀਰ ਦਾ
ਸੱਜਰਾ ਨੈਗੇਟਿਵ ਹੈ |

*****

## ਪਰਛਾਵੇਂ

ਉਸ ਨੇ ਮੈਨੂੰ ਕਿੰਨੇ ਸਾਰੇ ਨਾਂ ਦਿੱਤੇ ਨੇ
ਹਰ ਨਾਂ ਵਿਚੋਂ
ਨਵਾਂ ਨਰੋਆ ਇਕ ਤਸੱਵਰ ਉਗਦਾ ਹੈ
ਇਕੋ ਦੁਬਿਧਾ-
ਕਿਹੜੇ ਨਾਂ ਦੀ ਖਾਤਰ
ਕੇਹਾ ਚਿੱਤਰ ਬਣਾਵਾਂ ?

ਉਸ ਦੇ ਲਈ ਤਾਂ ਹਰ ਇਕ ਨਾਂ
ਆਪਣੇ ਨਿਸਚਿਤ ਪਲ ਦੇ ਲਈ ਸਿਕੰਦਰ ਸੀ,
ਮੇਰੇ ਲਈ ਤਾਂ ਸਾਰੇ ਹੀ ਆਕਾਰ-ਹੀਣ ਨੇ,
ਉਹਦੇ ਪਲਾਂ ਦੇ ਸਭ ਸਿਕੰਦਰ
ਮੇਰੇ ਅੰਦਰ
ਮੇਰੇ ਪਲ ਦੀ ਗਰਦ 'ਚ ਭੌਂਦੇ ਪਰਛਾਵੇਂ ਨੇ।

ਪਰਛਾਈਆਂ ਦਾ ਕੀ ਭਰਵਾਸਾ ?
ਪਤਾ ਨਹੀਂ ਕਿੰਨੇ ਪਰਛਾਵੇਂ
ਜ਼ਿੰਦਗਾਨੀ ਦੀ ਤੇਜ ਤੇਜ਼ਾਬੀ ਧੁੱਪ ਦੇ ਅੰਦਰ
ਘੁੱਲ ਚੁੱਕੇ ਨੇ,
ਵਿਚ ਨੇਰਿਆਂ ਰੁਲ ਚੁੱਕੇ ਨੇ।

ਇਕਲਾਪੇ ਦੀਆਂ ਸੁੰਨੀਆਂ ਸੁੰਨੀਆਂ
ਰਾਤਾਂ ਦੇ ਵਿਚ

ਧੁੱਪਾਂ ਸਾੜੇ, ਨੇਰਿਆਂ ਨਿਗਲੇ
ਪਰਛਾਵੇਂ ਸੁਰਜੀਤ ਕਰਨ ਲਈ
ਅਮਰ ਜਿਓਤੀ ਕਿੱਥੋਂ ਲੱਭਾਂ ?
ਜੀ ਕਰਦਾ ਏ ਉਸ ਨੂੰ ਆਖਾਂ :
ਓਪਰਿਆਂ ਨਾਵਾਂ ਦੀ ਸਜਣਾਂ
ਬਹੁਤੀ ਗੱਲ ਨਾ ਕਰਿਆ ਕਰ ;
ਕੱਲਮਕੱਲੀਆਂ ਸ਼ਾਮਾਂ ਅੰਦਰ ਭਟਕਦੀਆਂ
ਪਰਛਾਈਆਂ ਤੋਂ ਡਰਿਆ ਕਰ !

*****

# ਤੂੰ ਤੇ ਮੈਂ

ਸੂਰਜ ਦੇ ਹਰ ਜਨਮ ਤੇ
ਤੂੰ ਵੰਡਦਾ ਏਂ ਪੀੜਾਂ,
ਸਾਮੰਤ ਕੋਈ ਜੀਕੁਣ
ਆਪਣੀ ਖੁਦੀ ਦੇ ਸਿਰ ਤੋਂ
ਅਸ਼ਰਫੀਆਂ ਵਾਰਦਾ ਹੈ

ਹਰ ਰਾਤ ਦੇ ਮਰਨ 'ਤੇ
ਯਾਦਾਂ ਦੇ ਰੁੱਗ ਭਰਕੇ
ਵੰਡਾਂ ਮੈਂ ਇਸ ਤਰ੍ਹਾਂ

ਡੁਸਕਦਾ ਜਾਤਕ ਜਿਵੇਂ
ਫ਼ੁਲੀਆਂ ਖਿਲਾਰਦਾ ਹੈ।

******

# ਸਿਉਂਕ

ਕੋਲਾਬਾ ਦੀ ਖਾੜੀ ਕੰਢੇ
ਸਿੰਬਲ ਵਰਗੀ-ਉਚੀ ਲੰਮੀ
ਬਾਂਝ ਜਨਾਨੀ ਜਿਹੀ ਇਮਾਰਤ
ਪੱਛਮ ਦੇ ਵੱਲ ਖੁਲ੍ਹਦੀ ਖਿੜਕੀ।

ਰੱਤਾ ਸੂਰਜ-
ਪੱਛਮ ਦੇ ਵਿਚ ਡੁੱਬ ਗਿਆ
ਘੋਲ ਗਿਆ ਸਾਗਰ ਜਲ ਅੰਦਰ
ਆਪਣੀ ਮੁਰਦਾ ਜੇਹੀ ਲਾਲੀ।
ਵੇਖ ਰਿਹਾ ਹਾਂ-
ਨਵਭਾਰਤ ਦੇ ਬਹੁ-ਮੰਜਲੇ ਸ਼ਾਹਕਾਰਾਂ ਦੇ
ਪੈਰਾਂ ਵਿਚ ਵਿਛੀਆਂ ਝੁੱਗੀਆਂ ਦੇ
ਵਸਨੀਕਾਂ ਦਾ ਬੇਨਾਮ ਨਗਰ।

ਵਰਤਮਾਨ ਯੁੱਗ ਦੇ ਉਸੱਰਈਏ,
ਝੁੱਗੀਆਂ ਦੇ ਰੋਗੀ ਵਸਨੀਕ,
ਜੀਵਨ ਦੇ ਬੌਣੇ ਪ੍ਰਤੀਕ,
ਲਾਸ਼ਾਂ ਜਿਹੇ ਸਰੀਰ ਘਸੀਟੀ
ਘੁੰਮ ਰਹੇ ਨੇ ਅੰਦਰ-ਬਾਹਰ ;
ਜੀਕਣ ਕੀੜਿਆਂ ਦਾ ਕੋਈ ਭੌਣ
ਤੁਰਦਾ ਜਾਵੇਂ ਸੁੱਟ ਕੇ ਧੌਣ

ਖਬਰੇ ਅਸਰ  ਧੁੰਦਲਕੇ ਦਾ ਹੈ
ਜਾਂ ਫਿਰ ਸੱਚ,

ਈਕਣ ਜਾਪੇ,
ਤੁੱਛ ਜਿਹੀ ਦਿਖ ਵਾਲਾ ਭੌਣ,
ਸਿਉਂਕ-ਘਰੌਂਦਾ ਬਣਦਾ ਜਾਵੇ
ਨੀਹਾਂ ਦੇ ਵਿਚ,
ਦੀਵਾਰਾਂ ਤੇ
ਅਧੋਗਤੀ ਦੀ ਘਾਤਕ ਤਾਣੀ ਤਣਦਾ ਜਾਵੇ

ਉੱਚੀਆਂ ਲੰਮੀਆਂ ਮਾਣ-ਮੱਤੀਆਂ
ਸਿੰਬਲ ਨੁਮਾਂ ਵਿਸ਼ਾਲ ਬਿਲਡਿੰਗਾਂ
ਬੇਖਬਰ ਪਰਿਵਰਤਨ ਤੋਂ
ਡੂੰਘੀ ਨੀਂਦੇ ਸੌਂ ਰਹੀਆਂ ਨੇ

*****

## ਨਵੀਂ ਮੰਜ਼ਲ

ਕਿੰਨਾ ਅਨੋਖਾ ਸਫ਼ਰ ਸੀ
ਕਿੰਨੇ ਹੀ ਸੂਰਜ
ਵਕਤ ਦੇ ਰੱਥ ਨੂੰ ਜੁੜੇ,
ਬਣ ਗਏ ਸਾਥੀ ਮੇਰੇ

ਤਪਸ਼ ਦੇ ਮਾਰੂਥਲਾਂ ਨੇ
ਮੇਰਿਆਂ ਪੈਰਾਂ ਦੀ ਖਾਤਰ ਬੀਜੀਆਂ
ਅੜਚਣਾਂ ਹੀ ਅੜਚਣਾਂ
ਸਮੇਂ ਦੀ ਮਾਰੂ ਨਜ਼ਰ
ਰੂਹ ਦਾ ਬਣ ਕੇ ਨਾਸੂਰ
ਹੋਂਦ ਵਿਚ ਸਦਾ ਖੁੱਭਦੀ ਰਹੀ
ਚੁੱਭਦੀ ਰਹੀ-
ਪਰ ਮੈਂ ਪੀੜਾਂ ਤੋਂ ਪਰੇ
ਵਕਤ ਕੋਲੋਂ ਬੇ-ਨਿਆਜ਼
ਆਪਣੇ ਆਪੇ ਨੂੰ
ਇਕ ਬਿੰਦੂ 'ਤੇ ਟਿਕਾ
ਸਭ ਪਿਆਸਾਂ ਨੂੰ ਭੁਲਾ
ਮਲਕੜੇ ਜਿਹੇ ਮੁਸਕਰਾ ਕੇ
ਉਸ ਤਰਫ਼ ਤੁਰਦਾ ਰਿਹਾ
ਜਿਥੇ ਰਾਹਾਂ ਵਿਚ ਵਿਛਾਕੇ
ਮਹਿਕ ਆਪਣੇ ਸਾਹਾਂ ਦੀ
ਤੂੰ ਮੇਰਾ ਰਾਹ ਵੇਖਦੀ ਸੈਂ।
ਅਰਸ਼ ਤਾਂ ਸੀ ਸਫਰ ਦਾ ਪਹਿਲਾ ਪੜਾ
ਕਹਿਕਸ਼ਾਂ ਨੂੰ ਛੁਹਣ ਦਾ ਸੀ ਦਿਲ ਮਿਰਾ
ਤਾਰਿਆਂ ਨੂੰ ਤੋੜ ਕੇ-
ਸੰਧੂਰ ਦੀ ਥਾਂ
ਮਾਂਗ ਅੰਦਰ ਭਰਦਿਆਂ

ਤੈਨੂੰ ਤੇ ਆਪਣੇ ਸਫ਼ਰ ਨੂੰ
ਕੁਝ ਜੀਣ ਜੋਗਾ ਕਰ ਦਿਆਂ।
ਲੋਚਦਾ ਸਾਂ ਤੂੰ ਕਦੇ
ਸਫ਼ਰ ਮੇਰੇ ਦੀ ਕਹਾਣੀ
ਫਖ਼ਰ ਦੇ ਲਾਕੇ ਵਿਸ਼ੇਸ਼ਣ ਕਹਿ ਸਕੇਂ।

ਕੋਲ ਤੇਰੇ ਪੁੱਜ ਕੇ ਪਰ
ਅਜਬ ਇਕ ਅਹਿਸਾਸ ਨੇ ਹਉਕਾ ਲਿਆ;
ਉਵੇਂ ਹੀ ਸੁੱਵੇਂ ਦਾ ਸੁੰਵਾਂ
ਇਕ ਖਲਾਅ ਵਿਚ ਲਟਕਿਆ
ਆਪਣਾ ਹੀ ਆਪਾ ਜਾਪਿਆ।

ਬੈਠ ਰਹਿਣਾ ਕੋਲ ਤੇਰੇ ਉਮਰ ਭਰ
ਮੈਂ ਨਹੀਂ ਸਕਦਾ ਸਾਂ ਜਰ
ਇਸ ਤੋਂ ਅੱਗੇ ਜਾਣ ਦੀ
ਤੇ ਜਿਊਣ ਦੀ ਲੋਚਾ ਹੈ ਮੇਰੀ।

ਗ਼ਮ ਹਯਾਤੀ ਦੇ ਬੜੇ ਨੇ
ਲਭ ਸਕਦਾ ਹਾਂ ਮੈਂ ਕਾਰਣ
ਚੁੱਕ ਸਕਦਾ ਹਾਂ ਮੈਂ ਪਰਦੇ
ਬਣ ਸਕਦਾ ਹਾਂ ਮੈਂ ਗੌਤਮ।

ਅੱਜ ਫ਼ਿਰ ਇਕ ਤੜਪ ਪਿਛੇ
ਇਕ ਨਵੇਂ ਸਫ਼ਰ ਉਤੇ
ਤੈਥੋਂ ਅੱਗੇ ਤੁਰ ਪਿਆ ਹਾਂ
ਮੇਰੀ ਸੱਜਣੀ-

ਕੀ ਤੂੰ ਮੇਰੀ ਨਵੀਂ ਮੰਜ਼ਲ ਦੀ
ਮੁਬਾਰਕ-ਬਾਦ ਮੈਨੂੰ ਦੇ ਸਕੇਂਗੀ ?

*****

# ਗ਼ਜ਼ਲਾਂ

## ਇਕ

ਕਾਲਖ ਹੋਈਆਂ ਕਿਰਨਾਂ ਸਿਖਰ ਦੁਪਹਿਰ ਦੀਆਂ।
ਹੋਈਆਂ ਨਾਜ਼ਲ ਜਦੋਂ ਘਟਾਵਾਂ ਕਹਿਰ ਦੀਆਂ।

ਮੁਸਕਾਣਾਂ ਦੇ ਸੂਰਜ ਕੌਣ ਧੁਆਂਖ ਗਿਆ ?
ਕਬਰਾਂ ਵਾਂਗ ਚੁੱਪ ਨੇ ਗਲੀਆਂ ਸ਼ਹਿਰ ਦੀਆਂ।

ਸੁੱਜੇ ਸੁੱਜੇ ਨੈਣ ਰਾਤ ਦੇ ਦੱਸ ਰਹੇ,
ਕਿਵੇਂ ਬੀਤੀਆਂ ਘੜੀਆਂ ਪਿਛਲੇ ਪਹਿਰ ਦੀਆਂ

ਮੇਲ੍ਹਣ ਦੇਵੋ ਮਨ ਵਿਚ ਕਾਲੇ ਨਾਗਾਂ ਨੂੰ,
ਆਪੇ ਜ਼ਹਿਰ ਘਟਾਉ ਪੀੜਾਂ ਜ਼ਹਿਰ ਦੀਆਂ।

ਤੂਰ ਦੀਆਂ ਲਿਸ਼ਕਰਾਂ ਸਾਡੇ ਨੈਣੀਂ ਸਨ,
ਪਲਕਾ ਹੇਠਾਂ ਬੰਦ ਕਦੋਂ ਤੱਕ ਠਹਿਰ ਦੀਆਂ।

ਤੂਫਾਨਾਂ ਸੰਗ ਜਿਨ੍ਹਾਂ ਯਰਾਨੇ ਲਾਏ ਨੇ,
ਗੱਲਾਂ ਕਰਦੇ ਨਹੀਂ ਨਿਗੂਣੀ ਲਹਿਰ ਦੀਆਂ।

ਇਕ ਵਾਰ ਇਲਹਾਮ ਪਰਖ ਕਿਉਂ ਬੈਠ ਗਿਉਂ ?
ਮੀਰਾਂ ਨੂੰ ਤੇ ਅਜੇ ਪਿਆਸਾਂ ਜ਼ਹਿਰ ਦੀਆਂ।

ਤਾਂਡਵ ਦਾ ਹੈ ਤਾਲ ਇਨ੍ਹਾਂ ਦੇ ਸੀਨੇ ਵਿਚ,
ਅੰਬਰ ਤੇ ਪਰਛਾਈਆਂ ਨੇ ਜੋ ਗਹਿਰ ਦੀਆਂ।

ਪਰਬਤ ਦੇ ਉਸ ਪਾਰ ਸਾਥੀਆ ਪੱਥਰ ਨੇ,
ਲਾਰੇ ਨਿਰੀਆਂ ਗੱਲਾਂ ਸ਼ੀਰੀ ਨਹਿਰ ਦੀਆਂ।

*****

## ਦੋ

ਵਿਚ ਲਬਾਂ ਦੇ ਰੁੱਪ ਰਚਾਈ ਬੈਠੇ ਹਾਂ।
ਕੱਖਾਂ ਵਿਚ ਅੰਗਿਆਰ ਦਬਾਈ ਬੈਠੇ ਹਾਂ।

ਕਾਲੀਆਂ ਰਾਤਾਂ ਵਿਚੋਂ ਸੂਰਜ ਜਨਮੇਗਾ,
ਵਿਸ਼ਾਵਸਾਂ ਨੂੰ ਲਾਰੇ ਲਾਈ ਬੈਠੇ ਹਾਂ।

ਮੜ੍ਹੀਆਂ ਵਰਗੀ ਖਾਮੋਸ਼ੀ ਨੂੰ ਕੀ ਕਰੀਏ ?
ਦਿਲ ਵਿਚ ਸੌ ਤੂਫਾਨ ਲੁਕਾਈ ਬੈਠੇ ਹਾਂ।

ਪੈੜਾਂ ਮਿਟ ਨਾ ਸਕੀਆਂ ਤੇਜ਼ ਹਵਾਵਾਂ ਤੋਂ,
ਸਹਿਰਾ ਨੈਣਾਂ ਵਿਚ ਸਮਾਈ ਬੈਠੇ ਹਾਂ।

ਰਹਿਬਰ ਨੇ ਕੁਝ ਏਸ ਤਰਾਂ ਭਰਮਾਇਆ ਹੈ,
ਮੰਜ਼ਲ ਦੀ ਸਭ ਹੱਸ਼ ਭੁਲਾਈ ਬੈਠੇ ਹਾਂ।

ਇਹੋ ਹੈ ਅਹਿਸਾਸ ਸਲੀਬਾਂ ਉਤੇ ਵੀ,
ਲੈ ਕੇ ਬਾਹਾਂ ਵਿਚ ਖੁਦਾਈ ਬੈਠੇ ਹਾਂ।

ਰਿਹਾ ਨਹੀਂ ਇਤਬਾਰ ਕੋਈ ਇਕਰਾਰਾਂ ਤੇ,
ਸ਼ਬਦਾਂ ਦੇ ਸਭ ਅਰਥ ਗੁਆਈ ਬੈਠੇ ਹਾਂ।

ਕੋਈ ਮਸੀਹਾ ਆ ਕੇ ਹੁਣ ਤੇ ਸੁਧ ਲਏ,
ਸੂਲੀ ਤੇ ਹਰ ਸਾਹ ਲਟਕਾਈ ਬੈਠੇ ਹਾਂ।

ਮੌਤ ਸਾਥੀਆ ਇਕ ਅਦੁੱਤੀ ਲੱਜ਼ਤ ਹੈ,
ਵਿਚ ਪਿਆਲੇ ਚਾਨਣ ਪਾਈ ਬੈਠੇ ਹਾਂ।

*****

## ਤਿੰਨ

ਬੱਤੀ ਦੇ ਪਰਛਾਵੇਂ ਤੋਂ ਜੋ ਕਰਦੇ ਨੇ,
ਉਹ ਲੋਕੀ ਵੀ ਸੂਰਜ ਦੀ ਗੱਲ ਕਰਦੇ ਨੇ।

ਹਰ ਕੋਈ ਆਪਣੇ ਅਹਿਸਾਸਾਂ ਦਾ ਕਾਤਲ ਹੈ,
ਦੋਸ਼ ਪਰਾਇਆਂ ਦੇ ਸਿਰ ਐਵੇਂ ਧਰਦੇ ਨੇ।

ਜਿੰਦ ਨਿਮਾਣੀ ਡਿੱਕੋ ਡੋਲੇ ਖਾਂਦੀ ਹੈ,
ਡਰੇ ਡਰੇ ਅਰਮਾਨ ਡੁੱਬਦੇ ਤਰਦੇ ਨੇ।

ਕੱਕਰ ਕੱਜੀ ਤਨਹਾਈ ਦੇ ਤਨ ਉੱਤੇ,
ਅਕਸਰ ਯਾਦਾਂ ਦੇ ਓਲੇ ਹੀ ਵਰ੍ਹਦੇ ਨੇਂ।

ਲੱਗੀ ਨਜ਼ਰ ਸਰਾਪੀ ਕਿਸ ਦੀ ਸ਼ਹਿਰਾਂ ਨੂੰ ?
ਵਿਧਵਾ ਔਰਤ ਵਾਂਗੂ ਹਉਕੇ ਭਰਦੇ ਨੇ।

ਕੰਬਣ ਪਾਰੇ ਵਾਂਗ ਪਠੋਰੇ ਹਿਜਰਾਂ ਦੇ,
ਆਸ਼ਾਵਾਂ ਦੀ ਗੋਦੀ ਵਿਚ ਵੀ ਠਰਦੇ ਨੇ।

ਫਨ ਫੈਲਾਏ ਪੀੜਾਂ ਨੇ ਹਰ ਨੁੱਕਰ ਵਿਚ,
ਨਕਸ਼ ਉਲੀਕੇ ਕਿਸ ਕਾਤਬ ਇਸ ਘਰ ਦੇ ਨੇ ?

ਸਾਨੂੰ ਆਵਾਜ਼ਾਰ ਜਿਨ੍ਹਾਂ ਨੇ ਕੀਤਾ ਹੈ,
ਸਾਡੇ ਆਪਣੇ ਹੋਣ ਦਾ ਦਾਅਵਾ ਕਰਦੇ ਨੇ।

ਹਮਦਰਦਾਂ ਦੀ ਹਮਦਰਦੀ ਹਾਂ ਸਮਝ ਰਹੇ,
ਹੌਲੀ ਹੌਲੀ ਉੱਠੀ ਜਾਂਦੇ ਪਰਦੇ ਨੇ।

ਸਮੇਂ ਦੀਆਂ ਪੀੜਾਂ ਨੂੰ ਹੱਸ ਕੇ ਜਰ ਸਾਥੀ,
ਸ਼ਹਿਰ ਤੇਰੇ ਦੇ ਲੋਕੀ ਵੀ ਤਾਂ ਜਰਦੇ ਨੇ।

*****

## ਚਾਰ

ਮਕਤਲ ਵਿਚੋਂ ਮੁੜ ਆਏ ਸਾਂ
ਸਿਜਦਾ ਕਰ ਤਲਵਾਰਾਂ ਨੂੰ।
ਫੂਕਾਂ ਮਾਰ ਜਗਾਉਂਦੇ ਹਾਂ ਹੁਣ
ਬੁਝੇ ਹੋਏ ਅੰਗਿਆਰਾਂ ਨੂੰ

ਜਦ ਚੋਰਾਂ ਦਾ ਪਹਿਰਾ ਸੀ
ਤਾਂ ਤਾਣ ਲੰਮੀਆਂ ਸੁੱਤੇ ਸੀ
ਪਹੁ ਫੁੱਟੀ ਤੇ ਹੱਸਾਂ ਆਈਆਂ
ਘਰ ਦੇ ਪਹਿਰੇਦਾਰਾਂ ਨੂੰ।

ਰਾਖੀ ਲਈ ਬਣਾਈਆਂ ਸੀ
ਪਰ ਆਈਆਂ ਕੰਮ ਪਰਾਇਆਂ ਦੇ
ਆਪਣੀਆਂ ਹੁਣ ਕੀਕੁਣ ਕਹੀਏ
ਅੱਧ-ਪੱਕੀਆਂ ਦੀਵਾਰਾਂ ਨੂੰ ?

ਫੁੱਲਾਂ ਨੇ ਮੌਸਮ ਦਾ ਸਾਰਾ
ਰੰਗ ਬਸੰਤੀ ਡੀਕ ਲਿਆ
ਹੁਣ ਮੰਦਾ ਨਾ ਬੋਲ ਸੱਜਣਾ
ਬਾਗ ਮੇਰੇ ਦੇ ਖਾਰਾਂ ਨੂੰ।

ਮੰਨਿਆ ਰੁੱਤ ਕੁਸ਼ਗਣੀ ਸੀ।
ਤੇ ਹਾਦਸਿਆਂ ਦਾ ਮੌਸਮ ਸੀ,
ਕਿੱਥੋਂ ਤੱਕ ਲੁਕਾਈ ਰੱਖਦੇ
ਪੀਲੇ ਪੱਤ ਬਹਾਰਾਂ ਨੂੰ ?

ਡਰੀਆਂ ਸੋਚਾਂ ਠਰੀਆਂ ਸੋਚਾਂ
ਧੁੱਪਾਂ ਸੇਕਣ ਆਈਆਂ ਨੇ,
ਜਦ ਸੂਰਜ ਨੇ ਮੋੜਾ ਪਾਇਆ

ਵਕਤ ਦੀਆਂ ਵੰਗਾਰਾਂ ਨੂੰ।
ਸਾਡੇ ਗੀਤ ਸੁਣੀ ਵੇ ਲੋਕ
ਅਸਾਂ ਆਵਾਜ਼ ਸੰਵਾਰੀ ਹੈ
ਪਰਤੇ ਹਾਂ ਮਹਿਫਲ ਵਿਚ ਸੀ ਕੇ
ਬੋਲਾਂ ਦੇ ਲੰਗਾਰਾਂ ਨੂੰ।

ਹਰ ਸੂਰਜ ਨੂੰ ਰੰਗ ਵਟਾਕੇ
ਰੂਪ ਨਵੇਂ ਵਿਚ ਮਿਲਦੇ ਹਾਂ
ਜਚਦਾ ਨਹੀਂ ਸਥਾਈ ਚਿਹਰਾ
ਸ਼ਬਦਾਂ ਦੇ ਸਰਦਾਰਾਂ ਨੂੰ।

ਢਲਦੇ ਸੂਰਜ ਦੇ ਚਿਹਰੇ ਤੋਂ
ਜੋ ਕੰਨੀ ਕਤਰਾਂਦੇ ਨੇ,
ਕਿਹੜੇ ਨਾਂ ਦੇ ਨਾਲ ਬੁਲਾਈਏ
ਸਾਥੀ ਐਸੇ ਯਾਰਾਂ ਨੂੰ ?

******

## ਪੰਜ

ਜ਼ਿੰਦਗਾਨੀ ਸਮ੍ਹਾਂ ਸੀ ਬਲਦੀ ਰਹੀ।
ਆਪਣੇ ਹੀ ਸੇਕ ਵਿਚ ਢਲਦੀ ਰਹੀ।

ਵਕਤ ਦੀ ਵਰਮੀ 'ਚ ਬਣਕੇ ਸੱਪਣੀ
ਯਾਦ ਤੇਰੀ ਰਾਤ ਦਿਨ ਪਲਦੀ ਰਹੀ।

ਕੌਣ ਜਾਣੇ ਕੌਣ ਸੜ ਕੇ ਮਰ ਗਿਆ,
ਜੋਤ ਨੇ ਜਲਣਾ ਸੀ ਉਹ ਜਲਦੀ ਰਹੀ।

ਜ਼ਿੰਦਗੀ ਦਾ ਕਾਰਵਾਂ ਤੁਰਦਾ ਰਿਹਾ
ਹਰ ਪੜਾ ਤੇ ਪੀੜ ਇਕ ਰਲਦੀ ਰਹੀ।

ਪੱਤ ਪੀਲੇ ਸਿਸਕੀਆਂ ਭਰਦੇ ਰਹੇ,
ਰਾਤ ਠੰਡੀ ਹਵਾ ਫਿਰ ਚਲਦੀ ਰਹੀ।

ਵਾ ਵਰੋਲੇ ਵਾਂਗ ਆਇਉਂ ਤੁਰ ਗਿਉਂ,
ਜਾਣ ਦੀ ਤੈਨੂੰ ਸਦਾ ਜਲਦੀ ਰਹੀ।

ਯਾਦ ਸੀ ਤੇਰੀ ਜਾਂ ਕੋਈ ਅਮਰਵੇਲ ?
ਜੜ੍ਹ ਜਮਾਕੇ ਹੋਂਦ ਵਿਚ ਫਲਦੀ ਰਹੀ।

ਕੌਣ ਆਖੇ ਓਸ ਨੂੰ ਹੁਣ ਜ਼ਿੰਦਗੀ ?
ਜੋ ਗੁਨਾਹਾਂ ਤੋਂ ਸਦਾ ਟਲਦੀ ਰਹੀ।

ਕੋਈ ਨਾ ਬਣਿਆ ਮਸੀਹਾ ਏਸ ਦਾ,
ਜੀ ਭਿਆਣੀ ਜਿੰਦ ਹੱਥ ਮਲਦੀ ਰਹੀ।

ਕੀ ਕਰਾਂ ਇਤਬਾਰ ਤੇਰੀ ਕਲ੍ਹ ਦਾ ?
ਸਾਥੀਆ ਇਹ ਅਜ਼ਲ ਤੋਂ ਛਲਦੀ ਰਹੀ।

*****

## ਛੇ

ਜਦ ਕਦੇ ਹੈ ਯਾਦ ਤੈਨੂੰ ਕਰ ਲਿਆ।
ਦਰਦ ਇਕ ਆਲਮ ਦਾ ਜਾਪੇ ਵਰ ਲਿਆ।

ਵੇਖ ਕੇ ਤੈਨੂੰ ਸਦਾ ਹੈ ਲੱਗਿਆ,
ਦੋ ਜਹਾਨਾਂ ਦਾ ਕੁਲਾਵਾ ਭਰ ਲਿਆ।

ਤਾਰਿਓ ਹੁਣ ਗੱਲ ਸੂਰਜ ਦੀ ਕਰੋ,
ਸੀਤ ਰਾਤਾਂ ਦਾ ਹਨੇਰਾ ਜਰ ਲਿਆ।

ਪਾ ਕੇ ਤੈਨੂੰ ਕੌਣ ਇਸ ਦਾ ਗ਼ਮ ਕਰੇ,
ਤੇਰੇ ਪਿਛੋਂ ਜੀ ਲਿਆ ਕਿ ਮਰ ਲਿਆ।

ਮੌਤ ਦੇ ਮਿਹਣੇ ਸੀ ਦਿੰਦਾ ਵੈਰੀਆ,
ਤੇਰੇ ਬਿਨ ਵੀ ਜ਼ਿੰਦਗੀ ਨੂੰ ਜਰ ਲਿਆ।

ਜਦ ਕਦੇ ਵੀ ਜ਼ਹਿਰ ਦਾ ਆਇਆ ਖਿਆਲ,
ਤੇਰੀਆਂ ਯਾਦਾਂ ਨੂੰ ਸਾਹਵੇਂ ਧਰ ਲਿਆ।

ਹਰ ਕੋਈ ਆਪਣਾ ‘ਕੋਈ’ ਹੈ ਭਾਲਦਾ,
ਹਿਜਰ ਨੇ ਹੈ ਮੱਲ ਮੇਰਾ ਦਰ ਲਿਆ।

ਭੁੱਲ ਨਾ ਜਾਵੇ ਤਸੱਵਰ ਯਾਰ ਦਾ,
ਛਿੱਲ ਕੇ ਫਿਰ ਜ਼ਖਮ ਅੱਲਾ ਕਰ ਲਿਆ।

ਪਿਆਰ ਤੇਰਾ ਅੱਗ ਦਾ ਦਰਿਆ ਸਹੀ,
ਸਾਥੀਆ ਮੈਂ ਡੁੱਬਕੇ ਹੈ ਤਰ ਲਿਆ।

*****

## ਸੱਤ

ਫਿੱਕਾ ਫਿੱਕਾ ਲਗਦਾ ਏ,
ਨੂਰ ਤੇਰੇ ਸ਼ਹਿਰ ਦਾ।
ਮਿੱਟ ਗਿਆ ਹੋਵੇ ਜਿਵੇਂ
ਸੰਧੂਰ ਤੇਰੇ ਸ਼ਹਿਰ ਦਾ।

ਕਿਹੜੀ ਹੋਣੀ ਬੁਲ੍ਹੀਆਂ ਤੇ,
ਚੁੱਪ ਪੀੜਾਂ ਥੱਪ ਗਈ ?
ਪੱਤਾ ਪੱਤਾ ਹੋ ਗਿਆ,
ਮਜਬੂਰ ਤੇਰੇ ਸ਼ਹਿਰ ਦਾ।

ਹਰ ਕੋਈ ਬਣ ਕੇ ਕਿਨਾਰਾ,
ਸ਼ੋਰ ਪਾਵੇ ਰਾਤ ਦਿਨ,
ਡੁੱਬਿਆ ਹਉਮੈ 'ਚ ਸਾਰਾ,
ਪੂਰ ਤੇਰੇ ਸ਼ਹਿਰ ਦਾ।

ਕੂੜ ਰੂਹਾਂ, ਕੂੜ ਜੀਭਾਂ,
ਕੂੜ ਵਿਚ ਕੱਜੇ ਸਰੀਰ,
ਕੂੜ ਬਿਨ ਕੀ ਹੋਰ ਹੈ,
ਮਸ਼ਹੂਰ ਤੇਰੇ ਸ਼ਹਿਰ ਦਾ ?

ਤਿੜਕਿਆ ਹੋਣਾ ਹੈ ਆਪੇ,
ਵੇਖ ਆਪਣੇ ਰੂਪ ਨੂੰ,
ਪਿਆ ਹੈ ਸਾਹਵੇਂ ਜੋ
ਸ਼ੀਸ਼ਾ ਚੂਰ ਤੇਰੇ ਸ਼ਹਿਰ ਦਾ।

ਆ ਕੇ ਤੇਰੇ ਸ਼ਹਿਰ ਇਹ ਮਹਿਸੂਸ
ਹੋਇਆ ਹੈ ਸਦਾ,
ਹੈ ਅਜੇ ਪੈਂਡਾ ਬੜਾ ਹੀ
ਦੂਰ ਤੇਰੇ ਸ਼ਹਿਰ ਦਾ।

ਤੁਹਮਤਾਂ ਦੇ ਮਾਰ ਪੱਥਰ,
ਖੁਸ਼ ਕੋਈ ਹੁੰਦਾ ਰਹੇ।
"ਅਨਲ ਹੱਕ" ਫਿਰ ਵੀ ਕਹੇ,
ਮਨਸੂਰ ਤੇਰੇ ਸ਼ਹਿਰ ਦਾ।

ਤਲਖ਼ ਯਾਦਾਂ, ਬੁਝੇ ਹਾਸੇ,
ਜੋ ਮੁਕੱਦਰ ਬਣ ਗਏ,
ਇਨ੍ਹਾਂ ਲਈ ਵੀ ਬਹੁਤ ਹਾਂ,
ਮਸ਼ਕੂਰ ਤੇਰੇ ਸ਼ਹਿਰ ਦਾ।

ਸਾਥੀਆ ਤੈਨੂੰ ਮੁਬਾਰਿਕ,
ਤਲਖ਼ੀਆਂ ਦੇ ਰਾਤ ਦਿਨ,
ਨਹੀਂ ਜੀਊਣਾ ਅਸਾਂ ਨੂੰ,
ਮਨਜ਼ੂਰ ਤੇਰੇ ਸ਼ਹਿਰ ਦਾ।

*****

## ਅੱਠ

ਯਾਦਾਂ ਦੇ ਤਨ ਉਤੇ ਧਰ ਅੰਗਿਆਰ ਲਏ।
ਸੋਚਾਂ ਦੇ ਬੂਹਿਆਂ ਨੂੰ ਜੰਦਰੇ ਮਾਰ ਲਏ।

ਕਿਹੜਾ ਸੀਵੇਂ ਬੋਲਾਂ ਦੇ ਪਾਟੇ ਲੰਗਾਰ ?
ਚੁੱਪ ਨੇ ਚੌਹੀਂ ਪਾਸੀਂ ਪੈਰ ਪਸਾਰ ਲਏ।

ਬੇਪਰਦਾ ਸਨ ਪਹਿਰੇਦਾਰ ਜ਼ਮਾਨੇ ਦੇ,
ਨੰਗੇ ਚਿਹਰੇ ਨੈਣਾਂ ਵਿਚ ਉਤਾਰ ਲਏ।

ਕਿਵੇਂ ਆਖੀਏ ਕੀਕਣ ਬੀਤੇ ਕਾਲੇ ਦਿਨ ?
ਜਿਵੇਂ ਕਿਵੇਂ ਵੀ ਗੁਜ਼ਰੇ ਅਸਾਂ ਗੁਜ਼ਾਰ ਲਏ।

ਅਸੀਂ ਤੁਰ ਤੋਂ, ਜੋਤ ਗੁਆਕੇ ਪਰਤੇ ਹਾਂ,
ਝਲਕ ਸਾਂਭਕੇ ਢੋ ਨੈਣਾਂ ਦੇ ਬਾਰ ਲਏ।

ਗ਼ੈਰਤ ਦੀ ਤਾਂ ਕਿਰਨ ਇਕ ਹੀ ਕਾਫ਼ੀ ਹੈ,
ਬੰਦਾ ਪੂਰਾ ਸੂਰਜ ਕਿਉਂ ਉਧਾਰ ਲਏ ?

ਮੰਜ਼ਿਲ ਸਾਨੂੰ ਆਪੇ ਇਕ ਦਿਨ ਤਰਸੇਗੀ,
ਇਸੇ ਲਈ ਰਾਹਾਂ ਦੇ ਡੰਗ ਸਹਾਰ ਲਏ।

ਬੱਦਲੀ ਦੇ ਪਰਛਾਵੇਂ ਵਾਂਗੂੰ ਆਇਉਂ ਤੂੰ,
ਜੀਵਨ ਦੇ ਕੁਝ ਤਪਦੇ ਲਮਹੇ ਠਾਰ ਲਏ।

ਮੰਦਹਾਲੀ ਦਾ ਇਕੋ ਰੌਸ਼ਨ ਪਹਿਲੂ ਹੈ,
ਪਰਖ ਸਾਥੀਆ ਆਪਣੇ ਸਾਰੇ ਯਾਰ ਲਏ।

*****

# ਨੌਂ

ਦਰਦ ਤੇਰੀ ਦੇਣ ਸਨ ਅਪਨਾ ਲਏ।
ਦੇ ਗਿਉਂ ਤੂੰ ਅਸਾਂ ਧੋਖੇ ਖਾ ਲਏ।

ਤੀਲਾ ਤੀਲਾ ਹੋ ਗਈ ਜਾਂ ਚਾਨਣੀ,
ਝੋਲ ਵਿਚ ਰਿਸ਼ਮਾਂ ਦੇ ਟੋਟੇ ਪਾ ਲਏ।

ਗੂੜ੍ਹੀਆਂ ਧੁੰਦਾਂ ਨੇ ਦਿਲ ਨੂੰ ਘੇਰਿਆ,
ਸੂਰਜਾ ਵਾਅਦੇ ਤੇਰੇ ਅਜ਼ਮਾ ਲਏ।

ਰੋਸਿਆਂ ਦੀ ਤਾਬ ਮੱਠੀ ਪੈ ਗਈ,
ਉਸ ਸਲੋਨੇ ਨੈਣ ਜਦ ਛਲਕਾ ਲਏ।

ਲੱਖ ਪਰਦੇ ਬਾਰੀਆਂ ਤੇ ਤਾਣ ਲੈ,
ਪ੍ਰੀਤ ਕੀ ਜੋ ਆਪ ਨਾ ਸਰਕਾ ਲਏ ?

ਤੇਰੀਆਂ ਜ਼ੁਲਫ਼ਾਂ ਨੂੰ ਆਏ ਚੁੰਮ ਕੇ,
ਪੌਣ ਦੇ ਬੁੱਲੇ ਮੈਂ ਸੀਨੇ ਲਾ ਲਏ।

ਯੁੱਗਾਂ ਜਿੱਡੀ ਲੰਬੀ ਕਾਲੀ ਰਾਤ ਨੂੰ
ਕੌਣ ਕੋਈ ਕਿਸ ਤਰ੍ਹਾਂ ਰੁਸ਼ਨਾ ਲਏ ?

ਜ਼ਿੰਦਗਾਨੀ ਦੋਸ਼ ਹੈ ਤੇਰੇ ਬਿਨਾਂ,
ਕਾਸ਼ ਇਸ ਨੂੰ ਮੌਤ ਹੀ ਅਪਨਾ ਲਏ।

ਸਾਥੀਆ ਕਿਹੜਾ ਮਸੀਹਾ ਲੱਭੀਏ ?
ਗ਼ਮਾਂ ਦਾ ਜੋ ਸਿਲਸਿਲਾ ਸੁਲਝਾ ਲਏ ?

****

## ਦਸ

ਅੱਜ ਦਿਲ ਹੈ ਉਦਾਸ ਕੀ ਕਰੀਏ ?
ਰੂਹ ਭਟਕੇ ਨਿਰਾਸ ਕੀ ਕਰੀਏ ?

ਸਾਡੇ ਅਹਿਸਾਸ ਡਸ ਗਈ ਮੰਜ਼ਲ,
ਸੁੰਨੇ ਰਾਹਾਂ ਤੋਂ ਆਸ ਕੀ ਕਰੀਏ ?

ਤੇਰੇ ਸਾਹਾਂ ਦੀ ਮਹਿਕ ਬਿਖਰੀ ਹੈ,
ਸਾਨੂੰ ਆਵੇ ਨਾ ਰਾਸ ਕੀ ਕਰੀਏ ?

ਜ਼ਹਿਰ ਪੀਂਦੇ ਰਹੇ ਹਾਂ ਹਿਜਰਾਂ ਦਾ,
ਅਜੇ ਬਾਕੀ ਹੈ ਪਿਆਸ ਕੀ ਕਰੀਏ ?

ਅਸੀਂ ਆਸ਼ਕ ਵੀਰਾਨ ਵਾਟਾਂ ਦੇ,
ਤੇਰੇ ਮਹਿਲਾਂ ਦਾ ਵਾਸ ਕੀ ਕਰੀਏ ?

ਰਾਤ ਸੋਗਾਂ ਦੇ ਪੀੜ੍ਹੇ ਬੈਠੀ ਹੈ,
ਫਿਰੇ ਚਾਨਣ ਉਦਾਸ ਕੀ ਕਰੀਏ ?

ਤੈਨੂੰ ਬੁੱਤੋਂ ਖੁਦਾ ਬਣਾਇਆ ਹੈ,
ਹੋਰ ਤੇਰਾ ਕਿਆਸ ਕੀ ਕਰੀਏ ?

ਨਹੀਂ ਜੀਣਾ ਕਬੂਲ ਮਰ ਮਰ ਕੇ,
ਲੜਖੜਾਂਦੇ ਸੁਆਸ ਕੀ ਕਰੀਏ ?

ਸਾਥੀਆ ਗ਼ਮਗੁਸਾਰ ਬਣਕੇ ਮੇਰੇ,
ਦੁੱਖ ਆਏ ਨੇ ਪਾਸ ਕੀ ਕਰੀਏ ?

*****

## ਗਿਆਰਾਂ

ਬੁੱਝ ਚਲੇ ਆਸਾਂ ਦੇ ਦੀਪਕ,
ਐਪਰ ਮੇਰੀ ਰਾਤ ਨਾ ਲੰਘੀ।
ਸੋਚ ਰਿਹਾ ਸਾਂ ਲੰਘ ਜਾਵੇਗੀ,
ਤੇਰੇ ਬਿਨਾਂ ਹਯਾਤ ਨਾ ਲੰਘੀ।

ਹਿਜਰ ਤੇਰੇ ਦਾ ਕਾਲਾ ਬੱਦਲ,
ਅਜੇ ਹੋਂਦ ਤੇ ਛਾਇਆ ਹੈ,
ਮੁੱਕ ਗਏ ਨੇ ਹੰਝੂ ਸਾਰੇ,
ਪਰ ਭੈੜੀ ਬਰਸਾਤ ਨਾ ਲੰਘੀ।

ਕਬਰਿਸਤਾਨਾਂ ਵਾਂਗ ਸਿਸਕਦੇ,
ਰਹੇ ਏਸ ਦੇ ਪੱਥਰ ਵੀ,
ਸ਼ਹਿਰ ਤੇਰੇ ਵਿਚ ਬੇਤਲਖ਼ੀ ਦੀ,
ਮੇਰੀ ਕੋਈ ਰਾਤ ਨਾ ਲੰਘੀ।

ਧੁੰਦਲੇ ਅਹਿਸਾਸਾਂ 'ਚੋਂ ਉਪਜੀ,
ਕਾਲਖ਼ ਪਏ ਹੰਢਾਉਂਦੇ ਹਾਂ,
ਸਾਡੇ ਜੀਵਨ ਸ਼ੀਸ਼ੇ ਵਿੱਚੋਂ
ਅਜੇ ਕੋਈ ਪ੍ਰਭਾਤ ਨਾ ਲੰਘੀ।

ਰਹੇ ਲੰਘਦੇ ਸੈਦੇ ਖੇੜੇ,
ਜ਼ਿਬ੍ਹਾ ਕਰਨ ਲਈ ਹੀਰਾਂ ਨੂੰ।
ਅਜੇ ਝਨਾਂ ਦੇ ਪੱਤਣ ਉੱਤੋਂ
ਰਾਂਝਣ ਦੀ ਬਾਰਾਤ ਨਾ ਲੰਘੀ।

ਜ਼ਾਲਿਮ ਵਾਟਾਂ ਕਪਟੀ ਰਾਹਾਂ,
ਰਸਤੇ ਬੇ-ਇਤਬਾਰੀ ਦੇ,
ਕਿਹੜਾ ਉਹ ਪੈਂਡਾ ਏ ਜਿਸ ਤੇ,
ਆਦਮ ਦੀ ਇਹ ਜ਼ਾਤ ਨਾ ਲੰਘੀ ?

ਸਾਥੀ ਦੱਸ ਮੈਂ ਕੀਕਣ ਆਖਾਂ,
ਤੂੰ ਕਰੁਣਾ ਤੋਂ ਕੋਰਾ ਏਂ,
ਜਦ ਕਿ ਤੇਰੀ ਯਾਦ ਤਕ ਵੀ
ਹੁਣ ਤਕ ਬੇਜਜ਼ਬਾਤ ਨਾ ਲੰਘੀ ?

*****

## ਬਾਰਾਂ

ਜ਼ਿੰਦਗੀ ਦੀ ਹਾਰ ਨੂੰ
ਇਕ ਵਾਰ ਫਿਰ ਦੁਹਰਾ ਗਿਆ।
ਜਦ ਕਦੇ ਵੀ ਸਾਹਮਣੇ
ਤੇਰਾ ਤਸੱਵਰ ਆ ਗਿਆ।

ਸੋਚਦਾ ਸੈਂ ਨੀਲੀਆਂ
ਛੱਲਾਂ ਦੀ ਹਿੱਕ ਤੇ ਖੇਡਣਾ,
ਬਦਨਸੀਬਾ ਤੇਰੀ ਬੇੜੀ
ਨੂੰ ਕਿਨਾਰਾ ਖਾ ਗਿਆ।

ਮੁੱਦਤਾਂ ਤੋਂ ਹੋਂਦ ਮੇਰੀ,
ਸੱਖਣਾ ਆਕਾਸ਼ ਸੀ,
ਜ਼ੁਲਫ਼ ਤੇਰੀ ਦਾ ਸੁਹੱਪਣ
ਘਟਾ ਬਣ ਕੇ ਛਾ ਗਿਆ।

ਅਜ਼ਮ ਸੀ ਕਿ ਕੋਲ ਤੇਰੇ,
ਕਦੇ ਵੀ ਆਉਣਾ ਨਹੀਂ
ਸੁਣ ਤੇਰੀ ਆਵਾਜ਼
ਤੋਬਾ ਨੂੰ ਪਸੀਨਾ ਆ ਗਿਆ।

ਮੇਰੀ ਚਾਹਤ ਇਕ ਨਿਰਾਲੇ
ਮੋੜ ਤੇ ਹੈ ਆ ਖੜੀ
ਮੋੜ ਜਿਸ ਤੇ ਗਮਾਂ ਦੀ ਥਾਂ
ਮੈਂ ਗਮਾਂ ਤੇ ਛਾ ਗਿਆ !

ਬੋਲੀਆਂ ਵਾਹਣਾਂ ਦਾ ਘੱਟਾ
ਬਣ ਹੁੰਗਾਰੇ ਰੁਲ ਗਏ,

ਛਲਕਦੇ ਨੈਣਾਂ ਚੋਂ ਕੋਈ
ਬਾਤ ਐਸੀ ਪਾ ਗਿਆ।

ਪਹੁੰਚਿਆ ਸੂਲੀ ਤੇ ਸ਼ਾਇਦ
ਸਿਦਕ ਸੀ ਮਨਸੂਰ ਦਾ
ਸੱਚ ਜਾਂ ਫਿਰ ਆਪਣੇ ਹੀ
ਰੂਪ ਤੋਂ ਘਬਰਾ ਗਿਆ।

ਚਾਨਣੀ ਰੋਂਦੀ ਰਹੀ,
ਕੰਧਾਂ ਤੇ ਬਹਿ ਕੇ ਰਾਤ ਭਰ
ਰੂਪ ਤੇਰਾ ਅੰਬਰਾਂ ਤੇ
ਅੱਗ ਕੈਸੀ ਲਾ ਗਿਆ ?

ਚਿਣਗ ਕੋਈ ਵੀ ਨਹੀਂ ਹੁਣ
ਸਾਥੀਆ ਇਸ ਢੇਰ ਵਿਚ
ਇਸ ਨਿਮਾਣੀ ਜ਼ਿੰਦਗੀ ਨੂੰ
ਜੀਉਣ ਦਾ ਗ਼ਮ ਖਾ ਗਿਆ।

****

## ਤੇਰਾਂ

ਬੁੱਝੇ ਦੀਪਕ ਜਿਉਂ ਧੁਖਣਾਂ
ਮੇਰਾ ਅੰਜਾਮ ਸੀ ਸ਼ਾਇਦ।
ਮੁਕੱਦਰ ਵਿਚ ਮੁਹੱਬਤ ਦੇ
ਇਹੋ ਇਨਾਮ ਸੀ ਸ਼ਾਇਦ।

ਝਿਜਕਦਾ ਕੁਝ ਥਰਕਦਾ
ਕੁਝ ਕੰਬਦਾ ਹੋਇਆ
ਜੋ ਆਇਆ ਤੇਰੇ ਬੁਲ੍ਹਾਂ ਤੇ
ਉਹ ਮੇਰਾ ਨਾਮ ਸੀ ਸ਼ਾਇਦ।

ਮੇਰੀ ਹਸਰਤ ਦਾ ਸੂਰਜ
ਜਿਸ ਦੀ ਕਾਲਖ ਵਿਚ ਡੁੱਬਾ ਸੀ
ਉਹ ਵੀ ਅੱਜ ਵਰਗੀ ਹੀ
ਸੁਲਗਦੀ ਸ਼ਾਮ ਸੀ ਸ਼ਾਇਦ

ਬੁਰਾਈ ਕਰਕੇ ਹਰ ਇਕ ਜਾਮ ਨੂੰ
ਐਵੇਂ ਨਾ ਨਿੰਦੀ ਜਾ
ਜੋ ਪੀਤਾ ਹੈ ਸੀ ਮੀਰਾ ਨੇ
ਉਹ ਵੀ ਤੇ ਜਾਮ ਸੀ ਸ਼ਾਇਦ।

ਅਸਾਡੀ ਸਾਂਝ ਦਾ ਕੋਈ ਫੁੱਲ
ਮੰਦਰ ਦੇ ਨਹੀਂ ਕਾਬਿਲ,
ਤੇਰੇ ਇਨਕਾਰ ਵਿਚ ਲੁਕਿਆ
ਇਹੋ ਪੈਗ਼ਾਮ ਸੀ ਸ਼ਾਇਦ।

ਤੇਰੇ ਵਾਂਗ ਤੇਰੀ ਯਾਦ ਵੀ
ਪੱਲਾ ਛੁਡਾ ਗਈ ਏ
ਮੇਰੀ ਹਾਲਤ ਦਾ ਤੇਰੇ ਸ਼ਹਿਰ
ਚਰਚਾ ਆਮ ਸੀ ਸ਼ਾਇਦ।

ਜ਼ਿਹਨ ਦੇ ਧੁੰਦਲਕੇ ਵਿਚ
ਧੁੰਦਲੀ ਜਿਹੀ ਯਾਦ ਬਾਕੀ ਹੈ
ਛਲਕਦੀ ਅੱਖ ਸੀ ਸ਼ਾਇਦ
ਛਲਕਦਾ ਜਾਮ ਸੀ ਸ਼ਾਇਦ।

ਤੇਰੇ ਅੱਜ ਸਾਹਮਣੇ ਸਾਥੀ,
ਨਜ਼ਰ ਮੇਰੀ ਨਾ ਉਠ ਸਕੀ
ਅਣਖ ਦੀ ਮੌਤ ਸੀ ਸ਼ਾਇਦ,
ਤੈਨੂੰ ਪ੍ਰਣਾਮ ਸੀ ਸ਼ਾਇਦ।

*****

## ਚੌਂਦਾਂ

ਅੱਧ-ਭਰਿਆ ਪਿਆਲਾ ਹਾਂ,
ਭਰਪੂਰ ਨਹੀਂ ਹਾਂ
ਪਰ ਫਿਰ ਵੀ ਜ਼ਮਾਨੇ ਨੂੰ
ਮਨਜ਼ੂਰ ਨਹੀਂ ਹਾਂ।

ਯਾਦਾਂ ਦੀ ਅਮਰਜੋਤੀ
ਬਲਦੀ ਹੈ ਨਿਰੰਤਰ,
ਬੁੱਝ ਬੁੱਝ ਕੇ ਜਗੇ ਜਿਹੜਾ
ਉਹ ਨੂਰ ਨਹੀਂ ਹਾਂ।

ਅਜ਼ਲਾਂ ਤੋਂ ਇਰਾਦੇ ਨੇ
ਇਕਰਾਰ ਨੇ ਵਾਅਦੇ ਨੇ,
ਜੋ ਪੂੰਝਿਆਂ ਲਹਿ ਜਾਏ
ਸੰਧੂਰ ਨਹੀਂ ਹਾਂ।

ਘਬਰਾਕੇ ਹੱਟ ਗਏ ਨੇ
ਰਸਤੇ ਮੇਰੇ ਚੋਂ ਪੱਥਰ,
ਤੱਕ ਲੈ ਆਵਾਜ਼ ਦੇਕੇ
ਬਹੁਤ ਦੂਰ ਨਹੀਂ ਹਾਂ।

ਧੋਖਾ ਰਹੇ ਨਾ ਕੋਈ
ਪੱਤਣ ਦੇ ਮਾਲਕਾਂ ਨੂੰ,
ਡੁੱਬ ਜਾਏ ਜੋ ਅੱਧਵਾਟੇ
ਉਹ ਪੂਰ ਨਹੀਂ ਹਾਂ।

ਤੈਨੂੰ ਪੁਕਾਰਿਆ ਹੈ
ਚੜ੍ਹਕੇ ਸਮੇਂ ਦੀ ਸੂਲੀ,
ਦੇਵੀਂ ਨਾ ਉਲਾਂਭਾ
ਕਿ ਮਨਸੂਰ ਨਹੀਂ ਹਾਂ।

ਇਲਜ਼ਾਮ ਸੁਆਰਥ ਦਾ
ਲਾਓ ਨਾ ਮੇਰੇ ਯਾਰੋ,
ਹੈ ਮਾਣ ਮੁਹੱਬਤ ਤੇ
ਮਗ਼ਰੂਰ ਨਹੀਂ ਹਾਂ।

ਸਾਰੀ ਹਯਾਤ ਸੱਜਣਾ
ਸਾਹਾਂ ਦੇ ਵਿਚ ਵਸੇਂਗਾ,
ਜੋ ਸੁਆਸ ਸੁਆਸ ਬਦਲੇ
ਦਸਤੂਰ ਨਹੀਂ ਹਾਂ।

ਧੁੱਪਾਂ 'ਚ ਘੁੱਲ ਕੇ ਮਰਦੇ
ਪਰਛਾਵੇਂ ਵੇਖ ਕੇ ਵੀ,
ਖੋਲ੍ਹਾਂ ਨਾ ਜ਼ੁਬਾਂ ਏਨਾ
ਮਜਬੂਰ ਨਹੀਂ ਹਾਂ।

ਨਾ ਨੂਰ ਲਿਸ਼ਕਣਾ ਹੈ
ਨਾ ਅੱਖ ਨੇ ਝਪਕਣਾ,
ਮੂਸਾ ਨਹੀਂ ਤੂੰ ਸਾਥੀ
ਮੈਂ ਤੂਰ ਨਹੀਂ ਹਾਂ।

****

## ਪੰਦਰਾਂ

ਮੰਜ਼ਿਲ ਤੋਂ ਡਰਦੀ ਪੰਡ ਵੀ
ਮੂੰਹੋਂ ਨਾ ਬੋਲਦੀ।
ਭਟਕੇ ਸਰਾਪੀ ਜ਼ਿੰਦਗੀ
ਬਾਲੂ ਨੂੰ ਫੋਲਦੀ।

ਬੀਤੇ ਦੀ ਹਰ ਇਕ ਗੁਫ਼ਾ ਚੋਂ
ਤੈਨੂੰ ਹੈ ਭਾਲਿਆ,
ਵਿਧਵਾ ਜਿਵੇਂ ਸੁਹਾਗ ਦੇ
ਜੋੜੇ ਫਰੋਲਦੀ।

ਰੜਕੀ ਏ ਬਣਕੇ ਕਿਰਕ
ਤੇਰੀ ਯਾਦ ਦੀ ਚੁਭਣ,
ਪਰ ਅੱਖ ਹੈ ਕਿ
ਅਜੇ ਵੀ ਹੰਝੂ ਨਾ ਡੋਲ੍ਹਦੀ।

ਅਹਿਸਾਸ ਮੇਰੇ ਬੰਦ ਨੇ,
ਬੀਤੇ ਦੀ ਕੈਦ ਵਿਚ,
ਕੁੰਜੀ ਨਸੀਹਤਾਂ ਦੀ
ਬੂਹੇ ਨਾ ਖੋਲ੍ਹਦੀ।

ਡੰਗੀ ਸਮੇਂ ਦੀ ਜ਼ਿੰਦਗੀ
ਤੜਪੀ ਏ ਰਾਤ ਦਿਨ,
ਜ਼ਖ਼ਮ ਖਾ ਕੇ ਸੱਪਣੀ
ਜਿਉਂ ਵਿਹੁ ਹੈ ਘੋਲਦੀ

ਕੋਮਲ ਕਰੂੰਬਲਾਂ ਦੇ
ਚਿਹਰੇ ਝੁਲਸ ਗਏ,
ਤੇਰੇ ਸ਼ਹਿਰ ਦੀ ਵਾ ਜਦੋਂ
ਲੰਘੀ ਏ ਕੋਲ ਦੀ।

ਇਸ ਪੰਖ-ਕੱਟੀ ਪ੍ਰੀਤ ਦਾ
ਤੂੰ ਹੌਂਸਲਾ ਤੇ ਵੇਖ
ਪਰਵਾਜ਼ ਖਾਤਰ ਅਜੇ ਵੀ
ਇਹ ਪਰ ਹੈ ਤੋਲਦੀ।

ਭਟਕਣ ਦੀ ਗੋਦ ਵਿਚ ਹੈ
ਮੰਜ਼ਿਲ ਵੀ, ਮੌਤ ਵੀ,
ਛਾਵਾਂ ਕਰੇ ਕਿਸੇ ਨੂੰ
ਰੋਹੀਆਂ 'ਚ ਰਲਦੀ।

ਸੂਰਜ ਵੀ ਕਾਲਖਾਂ ਦਾ
ਸਾਥੀ ਹੈ ਅੰਦਰੋਂ,
ਬਲਾਂ ਅੰਦਰ ਹੂਕ ਹੈ।
ਬਿਰਹਾ ਦੇ ਬੋਲ ਦੀ।

*****